प्रश्न-पुस्तिका संख्या व बारकोड/
Question Booklet No. & Barcode

# ALP-23

207525

इस प्रश्न-पुस्तिका को तब तक न खोलें जब तक कहा न जाए । Do not open this Question Booklet until you are asked to do so.

पुस्तिका में पृष्ठों की संख्या : 16
Number of Pages in Booklet : 16
पुस्तिका में प्रश्नों की संख्या : 150
No. of Questions in Booklet : 150

**Paper Code : 14**

**समय : 03 घण्टे + 10 मिनट अतिरिक्त***
**Time : 03 Hours + 10 Minutes Extra***

**Sub : Punjabi-II**
**Paper-II**

**अधिकतम अंक : 75**
**Maximum Marks : 75**

प्रश्न-पुस्तिका के पेपर की सील/पॉलिथीन बैग को खोलने पर प्रश्न-पत्र हल करने से पूर्व परीक्षार्थी यह सुनिश्चित कर लें कि :
- प्रश्न-पुस्तिका संख्या तथा ओ.एम.आर. उत्तर-पत्रक पर अंकित बारकोड संख्या समान है ।
- प्रश्न-पुस्तिका एवं ओ.एम.आर. उत्तर-पत्रक के सभी पृष्ठ व सभी प्रश्न सही मुद्रित हैं । समस्त प्रश्न, जैसा कि ऊपर वर्णित है, उपलब्ध हैं तथा कोई भी पृष्ठ कम नहीं है/ मुद्रण त्रुटि नहीं है ।

किसी भी प्रकार की विसंगति या दोषपूर्ण होने पर परीक्षार्थी वीक्षक से दूसरा प्रश्न-पत्र प्राप्त कर लें । यह सुनिश्चित करने की जिम्मेदारी स्वयं अभ्यर्थी की होगी । परीक्षा प्रारम्भ होने के 5 मिनट पश्चात् ऐसे किसी दावे/आपत्ति पर कोई विचार नहीं किया जायेगा ।

**On opening the paper seal/polythene bag of the Question Booklet before attempting the question paper, the candidate should ensure that :**
- **Question Booklet Number and Barcode Number of OMR Answer Sheet are same.**
- **All pages & Questions of Question Booklet and OMR Answer Sheet are properly printed. All questions as mentioned above are available and no page is missing/misprinted.**

**If there is any discrepancy/defect, candidate must obtain another Question Booklet from Invigilator. Candidate himself shall be responsible for ensuring this. No claim/objection in this regard will be entertained after five minutes of start of examination.**

## परीक्षार्थियों के लिए निर्देश

1. **प्रत्येक प्रश्न के लिये एक विकल्प भरना अनिवार्य है ।**
2. **सभी** प्रश्नों के अंक समान हैं ।
3. प्रत्येक प्रश्न का मात्र **एक** ही उत्तर दीजिए । एक से अधिक उत्तर देने की दशा में प्रश्न के उत्तर को गलत माना जाएगा ।
4. OMR उत्तर-पत्रक इस प्रश्न-पुस्तिका के अन्दर रखा है । जब आपको प्रश्न-पुस्तिका खोलने को कहा जाए, तो उत्तर-पत्रक निकाल कर ध्यान से केवल **नीले बॉल पॉइंट पेन** से विवरण भरें ।
5. कृपया अपना रोल नम्बर ओ.एम.आर. उत्तर-पत्रक पर सावधानीपूर्वक सही भरें । गलत रोल नम्बर भरने पर परीक्षार्थी स्वयं उत्तरदायी होगा ।
6. **प्रत्येक गलत उत्तर के लिए प्रश्न अंक का 1/3 भाग काटा जायेगा** । गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है ।
7. **प्रत्येक प्रश्न के पांच विकल्प दिये गये हैं, जिन्हें क्रमशः 1, 2, 3, 4, 5 अंकित किया गया है । अभ्यर्थी को सही उत्तर निर्दिष्ट करते हुए उनमें से केवल एक गोले (बबल) को उत्तर-पत्रक पर नीले बॉल पॉइंट पेन से गहरा करना है ।**
8. **यदि आप प्रश्न का उत्तर नहीं देना चाहते हैं तो उत्तर-पत्रक में पांचवें (5) विकल्प को गहरा करें । यदि पांच में से कोई भी गोला गहरा नहीं किया जाता है, तो ऐसे प्रश्न के लिये प्रश्न अंक का 1/3 भाग काटा जायेगा ।**

9.* **प्रश्न-पत्र हल करने के उपरांत अभ्यर्थी अनिवार्य रूप से ओ.एम.आर. उत्तर-पत्रक जांच लें कि समस्त प्रश्नों के लिये एक विकल्प (गोला) भर दिया गया है । इसके लिये ही निर्धारित समय से 10 मिनट का अतिरिक्त समय दिया गया है ।**

10. **यदि अभ्यर्थी 10% से अधिक प्रश्नों में पांच विकल्पों में से कोई भी विकल्प अंकित नहीं करता है, तो उसको अयोग्य माना जायेगा ।**
11. मोबाइल फोन अथवा अन्य किसी इलेक्ट्रोनिक यंत्र का परीक्षा हॉल में प्रयोग पूर्णतया वर्जित है । यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी ।

**चेतावनी :** अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए और **राजस्थान सार्वजनिक परीक्षा (भर्ती में अनुचित साधनों की रोकथाम अध्युपाय) अधिनियम, 2022 तथा अन्य प्रभावी कानून एवं आयोग के नियमों-प्रावधानों** के तहत कार्यवाही की जाएगी । साथ ही आयोग ऐसे अभ्यर्थी को भविष्य में होने वाली आयोग की समस्त परीक्षाओं से विवर्जित कर सकता है ।

## INSTRUCTIONS FOR CANDIDATES

1. **It is mandatory to fill one option for each question.**
2. **All** questions carry equal marks.
3. Only **one** answer is to be given for each question. If more than one answers are marked, it would be treated as wrong answer.
4. The **OMR** Answer Sheet is inside this Question Booklet. When you are directed to open the Question Booklet, take out the Answer Sheet and fill in the particulars carefully with **Blue Ball Point Pen** only.
5. Please correctly fill your Roll Number in **OMR** Answer Sheet. Candidate will themself be responsible for filling wrong Roll No.
6. **1/3 part of the mark(s) of each question will be deducted for each wrong answer.** A wrong answer means an incorrect answer or more than one answers for any question.
7. **Each question has five options marked as 1, 2, 3, 4, 5. You have to darken only one circle (bubble) indicating the correct answer on the Answer Sheet using BLUE BALL POINT PEN.**
8. **If you are not attempting a question then you have to darken the circle '5'. If none of the five circles is darkened, one third (1/3) part of the marks of question shall be deducted.**

9.* **After solving question paper, candidate must ascertain that he/she has darkened one of the circles (bubbles) for each of the questions. Extra time of 10 minutes beyond scheduled time, is provided for this.**

10. **A candidate who has not darkened any of the five circles in more than 10% questions, shall be disqualified.**
11. Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt as per rules.

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would liable to be prosecuted under **Rajasthan Public Examination (Measures for Prevention of Unfair Means in Recruitment) Act, 2022 & any other laws applicable and Commission's Rules-Regulations.** Commission may also debar him/her permanently from all future examinations.

उत्तर-पत्रक में दो प्रतियाँ हैं – मूल प्रति और कार्बन प्रति। परीक्षा समाप्ति पर परीक्षा कक्ष छोड़ने से पूर्व परीक्षार्थी उत्तर-पत्रक की दोनों प्रतियाँ वीक्षक को सौंपेंगे, परीक्षार्थी स्वयं कार्बन प्रति अलग नहीं करें। वीक्षक उत्तर-पत्रक की मूल प्रति को अपने पास जमा कर, कार्बन प्रति को मूल प्रति से कट लाइन से मोड़ कर सावधानीपूर्वक अलग कर परीक्षार्थी को सौंपेंगे, जिसे परीक्षार्थी अपने साथ ले जायेंगे। परीक्षार्थी को उत्तर-पत्रक की कार्बन प्रति चयन प्रक्रिया पूर्ण होने तक सुरक्षित रखनी होगी एवं आयोग द्वारा माँगे जाने पर प्रस्तुत करनी होगी।

1. "ਹੰਸ ਚੋਗ" ਪੁਸਤਕ ਦਾ ਪ੍ਰਕਾਸ਼ਨ ਹੋਇਆ
   (1) 1924 (2) 1934
   (3) 1914 (4) 1944
   (5) ਅਨਉੱਤਰਿਤ ਪ੍ਰਸ਼ਨ

2. ਗੋਪਾਲ ਸਿੰਘ ਦਰਦੀ ਦੀਆਂ ਆਲੋਚਨਾਤਮਕ ਪੁਸਤਕਾਂ ਹਨ ?
   (1) ਰੁਮਾਂਚਿਕ ਪੰਜਾਬੀ ਕਵੀ, ਪੰਜਾਬੀ ਸਾਹਿਤ ਦਾ ਇਤਿਹਾਸ, ਸਾਹਿਤ ਦੀ ਪਰਖ, ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ
   (2) ਰੁਮਾਂਚਿਕ ਪੰਜਾਬੀ ਕਵੀ, ਦ੍ਰਿਸ਼ਟੀਕੋਣ, ਸਾਹਿਤ ਦੀ ਪਰਖ, ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ
   (3) ਰੁਮਾਂਚਿਕ ਪੰਜਾਬੀ ਕਵੀ, ਆਧੁਨਿਕ ਪੰਜਾਬੀ ਕਵਿਤਾ, ਸਾਹਿਤ ਦੀ ਪਰਖ, ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ
   (4) ਰੁਮਾਂਚਿਕ ਪੰਜਾਬੀ ਕਵੀ, ਆਧੁਨਿਕ ਪੰਜਾਬੀ ਕਵਿਤਾ, ਸੂਫ਼ੀਆਂ ਦਾ ਕਲਾਮ, ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ
   (5) ਅਨਉੱਤਰਿਤ ਪ੍ਰਸ਼ਨ

3. 'ਪੰਜਾਬੀ ਸ਼ੌਰਟ ਸਟੋਰੀ ਇਟਜ ਓਰਿਜਨ ਐਂਡ ਡਿਵੈਲਪਮੈਂਟ' ਪੁਸਤਕ ਦਾ ਕਰਤਾ ਕੌਣ ਹੈ ?
   (1) ਹਰਚੰਦ ਸਿੰਘ ਬੇਦੀ (2) ਧਨਵੰਤ ਕੌਰ
   (3) ਸਵਿੰਦਰ ਸਿੰਘ ਉੱਪਲ (4) ਪਿਆਰਾ ਸਿੰਘ ਭੋਗਲ
   (5) ਅਨਉੱਤਰਿਤ ਪ੍ਰਸ਼ਨ

4. ਪੰਜਾਬੀ ਕਿੱਸਾ-ਕਾਵਿ 'ਤੇ ਕਾਰਜ ਕਰਨ ਵਾਲੇ ਵਿਦਵਾਨਾਂ ਦਾ ਸਹੀ ਜੁੱਟ ਹੈ :
   (1) ਜੀਤ ਸਿੰਘ ਸੀਤਲ, ਕੁਲਵੀਰ ਸਿੰਘ ਕਾਂਗ, ਅਮਰਜੀਤ ਕੌਰ
   (2) ਲਾਲ ਸਿੰਘ, ਗੁਲਵੰਤ ਸਿੰਘ, ਦੀਵਾਨ ਸਿੰਘ
   (3) ਬਿਕਰਮ ਸਿੰਘ ਘੁੰਮਣ, ਤਾਰਨ ਸਿੰਘ, ਕਿਸ਼ਨ ਗੁਪਤਾ
   (4) ਅਮਰਜੀਤ ਸਿੰਘ, ਜੀਤ ਸਿੰਘ ਸੀਤਲ, ਗੋਪਾਲ ਸਿੰਘ
   (5) ਅਨਉੱਤਰਿਤ ਪ੍ਰਸ਼ਨ

5. ਪਲੈਟੋ ਅਨੁਸਾਰ ਪ੍ਰਕਥਨਾਤਮਕ ਕਾਵਿ ਵਿੱਚ ਸ਼ਾਮਲ ਹੈ :
   (1) ਗੀਤ (2) ਮਹਾਂਕਾਵਿ
   (3) ਦੁਖਾਂਤ (4) ਸੁਖਾਂਤ
   (5) ਅਨਉੱਤਰਿਤ ਪ੍ਰਸ਼ਨ

6. ਮਿਲਾਣ ਕਰੋ :

| | | | |
|---|---|---|---|
| a. | ਗੁਰਦਿਆਲ ਸਿੰਘ ਦੀ ਨਾਵਲ ਚੇਤਨਾ | i. | ਨਜ਼ਮ ਹੁਸੈਨ ਸੱਯਦ |
| b. | ਸੱਚ ਸਦਾ ਆਬਾਦੀ ਕਰਨਾ | ii. | ਪ੍ਰੋ. ਕਿਸ਼ਨ ਸਿੰਘ |
| c. | ਸਮਦਰਸ਼ਨ | iii. | ਸੰਤ ਸਿੰਘ ਸੇਖੋਂ |
| d. | ਨਾਵਲ ਤੇ ਪਲਾਟ | iv. | ਡਾ. ਅਤਰ ਸਿੰਘ |

ਹੇਠ ਲਿਖਿਆ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ :

| | a | b | c | d |
|---|---|---|---|---|
| (1) | ii | iii | iv | i |
| (2) | ii | i | iv | iii |
| (3) | iii | i | ii | iv |
| (4) | iv | i | iii | ii |

   (5) ਅਨਉੱਤਰਿਤ ਪ੍ਰਸ਼ਨ

7. ਆਪਣੇ ਚਿੰਤਨ ਦੇ ਘੇਰੇ ਨੂੰ ਰੂਪਵਾਦ, ਸੰਰਚਨਾਵਾਦ, ਪ੍ਰਤੀਕਵਾਦ, ਉੱਤਰ ਸੰਰਚਨਾਵਾਦ ਅਤੇ ਚਿਹਨ-ਵਿਗਿਆਨ ਤਕ ਫੈਲਾਉਣ ਵਾਲਾ ਪੰਜਾਬੀ ਸਾਹਿਤ ਚਿੰਤਕ ਹੈ :
   (1) ਰਵਿੰਦਰ ਸਿੰਘ ਰਵੀ
   (2) ਪ੍ਰੇਮ ਪ੍ਰਕਾਸ਼ ਸਿੰਘ
   (3) ਤਰਲੋਕ ਸਿੰਘ ਕੰਵਰ
   (4) ਤਾਰਨ ਸਿੰਘ
   (5) ਅਨਉੱਤਰਿਤ ਪ੍ਰਸ਼ਨ

8. ਸੰਤ ਸਿੰਘ ਸੇਖੋਂ ਨੇ 'ਰਚਨਾਤਮਕ ਸਮੀਖਿਆਕਾਰ' ਕਿਸ ਚਿੰਤਕ ਨੂੰ ਆਖਿਆ ?
   (1) ਅਤਰ ਸਿੰਘ
   (2) ਤਰਲੋਕ ਸਿੰਘ ਕੰਵਰ
   (3) ਨਜ਼ਮ ਹੁਸੈਨ ਸੱਯਦ
   (4) ਰਵਿੰਦਰ ਸਿੰਘ ਰਵੀ
   (5) ਅਨਉੱਤਰਿਤ ਪ੍ਰਸ਼ਨ

9. ਸਾਹਿਤ-ਦਰਸ਼ਨ ਪੁਸਤਕ ਦਾ ਕਰਤਾ ਹੈ :
   (1) ਸੰਤ ਸਿੰਘ ਸੇਖੋਂ
   (2) ਮੋਹਨ ਸਿੰਘ ਦੀਵਾਨਾ
   (3) ਤੇਜਾ ਸਿੰਘ
   (4) ਬਾਵਾ ਹਰਕਿਸ਼ਨ ਸਿੰਘ
   (5) ਅਨਉੱਤਰਿਤ ਪ੍ਰਸ਼ਨ

10. ਸੂਚੀ – I ਦਾ ਸੂਚੀ – II ਨਾਲ ਮਿਲਾਨ ਕਰੋ :

| ਸੂਚੀ – I (ਪੁਸਤਕ) | | ਸੂਚੀ – II (ਪ੍ਰਕਾਸ਼ਨ ਸਾਲ) | |
|---|---|---|---|
| i. | ਖ਼ਾਮੋਸ਼ੀ ਦਾ ਜਜ਼ੀਰਾ | a. | 1986 |
| ii. | ਨਾਵਲ ਤੇ ਪਲਾਟ | b. | 1984 |
| iii. | ਗੁਰਦਿਆਲ ਸਿੰਘ ਦੀ ਨਾਵਲ ਚੇਤਨਾ | c. | 1979 |
| iv. | ਸਾਹਿਤ ਸੰਵੇਦਨਾ | d. | 1988 |

ਸਹੀ ਵਿਕਲਪ ਦੀ ਚੋਣ ਕਰੋ :

| | i | ii | iii | iv |
|---|---|---|---|---|
| (1) | d | c | a | b |
| (2) | d | a | b | c |
| (3) | d | a | c | b |
| (4) | a | b | c | d |

(5) ਅਨਉੱਤਰਿਤ ਪ੍ਰਸ਼ਨ

11. ਅਤਰ ਸਿੰਘ ਅਨੁਸਾਰ ਪ੍ਰਗਤੀਵਾਦ ਤੇ ਪ੍ਰਗਤੀਵਾਦੀ ਪੰਜਾਬੀ ਸਾਹਿਤ ਦੇ ਸੰਬੰਧ ਵਿਚ ਵਿਧੀ-ਪੂਰਵਕ ਪਹਿਲਾ ਅਕਾਦਮਿਕ ਕੰਮ ਕਰਨ ਵਾਲਾ ਚਿੰਤਕ ਹੈ :

(1) ਜੋਗਿੰਦਰ ਸਿੰਘ ਰਾਹੀ
(2) ਤੇਜਵੰਤ ਸਿੰਘ ਗਿੱਲ
(3) ਗੁਰਬਖ਼ਸ਼ ਸਿੰਘ ਫ਼ਰੈਂਕ
(4) ਕੇਸਰ ਸਿੰਘ ਕੇਸਰ
(5) ਅਨਉੱਤਰਿਤ ਪ੍ਰਸ਼ਨ

12. ਗੁਰਬਾਣੀ ਅਤੇ ਮਾਰਕਸਵਾਦੀ ਫ਼ਲਸਫ਼ੇ ਵਿਚੋਂ ਮਨੁੱਖ ਦੀ ਅਜ਼ਾਦੀ ਅਤੇ ਸਰੱਬਤ ਦੇ ਭਲੇ ਸੰਬੰਧੀ ਬਾਰ-ਬਾਰ ਦੁਹਰਾਏ ਵਿਚਾਰਾਂ ਉੱਪਰ ਸਾਂਝ ਪਹਿਚਾਨਣ ਵਾਲਾ ਪੰਜਾਬੀ ਆਲੋਚਕ ਹੈ :

(1) ਅਤਰ ਸਿੰਘ
(2) ਸੰਤ ਸਿੰਘ ਸੇਖੋਂ
(3) ਨਜ਼ਮ ਹੁਸੈਨ ਸੱਯਦ
(4) ਪ੍ਰੋ. ਕਿਸ਼ਨ ਸਿੰਘ
(5) ਅਨਉੱਤਰਿਤ ਪ੍ਰਸ਼ਨ

13. ਪੰਜਾਬੀ ਸਾਹਿਤ ਸਿਧਾਂਤ ਦੀ ਪਹਿਲੀ ਪ੍ਰਮਾਣਕ ਕ੍ਰਿਤ ਮੰਨੀ ਜਾਂਦੀ ਹੈ ।

(1) ਸਮਦਰਸ਼ਨ (2) ਸਾਹਿਤ ਦੇ ਸੋਮੇ
(3) ਸਾਹਿਤਿਆਰਥ (4) ਸਾਹਿਤ ਸੰਵੇਦਨਾ
(5) ਅਨਉੱਤਰਿਤ ਪ੍ਰਸ਼ਨ

14. ਕਿਸ ਪੰਜਾਬੀ ਆਲੋਚਕ ਅਨੁਸਾਰ 'ਸਾਡੀ ਆਲੋਚਨਾ ਵਸਤੂ ਤੇ ਰੂਪ ਦੀ ਦਵੈਤ ਉੱਪਰ ਆਧਾਰਿਤ ਹੈ ?'

(1) ਸੰਤ ਸਿੰਘ ਸੇਖੋਂ (2) ਅਤਰ ਸਿੰਘ
(3) ਹਰਿਭਜਨ ਸਿੰਘ (4) ਕਿਸ਼ਨ ਸਿੰਘ
(5) ਅਨਉੱਤਰਿਤ ਪ੍ਰਸ਼ਨ

15. 'ਸਮੀਖਿਆ ਪ੍ਰਣਾਲੀਆਂ' ਪੁਸਤਕ ਦਾ ਕਰਤਾ ਹੈ :

(1) ਅਤਰ ਸਿੰਘ
(2) ਤਰਲੋਕ ਸਿੰਘ ਕੰਵਰ
(3) ਟੀ.ਆਰ. ਵਿਨੋਦ
(4) ਸੰਤ ਸਿੰਘ ਸੇਖੋਂ
(5) ਅਨਉੱਤਰਿਤ ਪ੍ਰਸ਼ਨ

16. ਜਨਮ-ਸਿਧਾਂਤੀ ਅਤੇ ਪ੍ਰਭਾਵ-ਸਿਧਾਂਤੀ ਆਲੋਚਕ ਸਾਹਿਤ ਸਿਰਜਣਾ ਨੂੰ ਸਮਕਾਲੀ ਉਪਯੋਗਿਤਾ ਨਾਲ ਜੋੜਨ ਦੇ ਆਦੀ ਹੋ ਚੁੱਕੇ ਹਨ ? ਟਿੱਪਣੀ ਕਿਸ ਪੰਜਾਬੀ ਸਮੀਖਿਅਕ ਦੀ ਹੈ ?

(1) ਸੰਤ ਸਿੰਘ ਸੇਖੋਂ (2) ਅਤਰ ਸਿੰਘ
(3) ਹਰਿਭਜਨ ਸਿੰਘ (4) ਕਿਸ਼ਨ ਸਿੰਘ
(5) ਅਨਉੱਤਰਿਤ ਪ੍ਰਸ਼ਨ

17. ਰਚਨਾਕਾਲ ਦੇ ਆਧਾਰ 'ਤੇ ਅਤਰ ਸਿੰਘ ਦੀਆਂ ਰਚਨਾਵਾਂ ਦਾ ਕਾਲਕ੍ਰਮ ਹੈ

(1) ਦ੍ਰਿਸ਼ਟੀਕੋਣ, ਸਾਹਿਤ ਸੰਵੇਦਨਾ, ਕਾਵਿ ਅਧਿਐਨ, ਸਮਦਰਸ਼ਨ
(2) ਕਾਵਿ ਅਧਿਐਨ, ਦ੍ਰਿਸ਼ਟੀਕੋਣ, ਸਮਦਰਸ਼ਨ, ਸਾਹਿਤ ਸੰਵੇਦਨਾ
(3) ਦ੍ਰਿਸ਼ਟੀਕੋਣ, ਸਮਦਰਸ਼ਨ, ਸਾਹਿਤ ਸੰਵੇਦਨਾ, ਕਾਵਿ ਅਧਿਐਨ
(4) ਕਾਵਿ ਅਧਿਐਨ, ਦ੍ਰਿਸ਼ਟੀਕੋਣ, ਸਾਹਿਤ ਸੰਵੇਦਨਾ, ਸਮਦਰਸ਼ਨ
(5) ਅਨਉੱਤਰਿਤ ਪ੍ਰਸ਼ਨ

18. ਕਿਸ ਆਲੋਚਕ ਨੇ ਹੀਰ ਵਾਰਸ ਨੂੰ ਇਸ਼ਕ ਦੀ ਐਪਿਕ ਆਖਿਆ ?

(1) ਡਾ. ਅਤਰ ਸਿੰਘ
(2) ਨਜ਼ਮ ਹੁਸੈਨ ਸੱਯਦ
(3) ਸੰਤ ਸਿੰਘ ਸੇਖੋਂ
(4) ਕਿਸ਼ਨ ਸਿੰਘ
(5) ਅਨਉੱਤਰਿਤ ਪ੍ਰਸ਼ਨ

19. ਭਾਸ਼ਾ ਸਵੈ ਇੱਛਾ ਨਾਲ ਪੈਦਾ ਕੀਤੇ ਪ੍ਰਤੀਕਾਂ ਰਾਹੀਂ ਵਿਚਾਰਾਂ, ਭਾਵਾਂ ਅਤੇ ਇੱਛਾਵਾਂ ਦੇ ਸੰਚਾਰ ਦਾ ਸ਼ੁਧ ਮਾਨਵੀ ਅਤੇ ਗੈਰ-ਜਮਾਂਦਰੂ ਢੰਗ ਹੈ । ਪਰਿਭਾਸ਼ਾ ਕਿਸ ਵਿਦਵਾਨ ਦੀ ਹੈ ।

(1) ਚੌਮਸਕੀ

(2) ਸਾਪਿਰ

(3) ਬਲਾਕ ਅਤੇ ਟ੍ਰੇਗਰ

(4) ਹਰਕੀਰਤ ਸਿੰਘ

(5) ਅਨਉੱਤਰਿਤ ਪ੍ਰਸ਼ਨ

20. ਪਸ਼ੂ-ਪੰਛੀਆਂ ਆਦਿ ਦੀਆਂ ਧੁਨੀਆਂ ਦੀ ਨਕਲ ਦੇ ਆਧਾਰ 'ਤੇ ਭਾਸ਼ਾਈ ਢਾਂਚਾ ਸਥਾਪਿਤ ਹੋਣ ਸੰਬੰਧੀ ਪ੍ਰਚਲਤ ਸਿਧਾਂਤ ਦਾ ਨਾਂ ਹੈ :

(1) ਅਨੁਕਰਨ ਸਿਧਾਂਤ

(2) ਧਾਤੂ ਸਿਧਾਂਤ

(3) ਯੋ-ਹੇ-ਹੋ ਸਿਧਾਂਤ

(4) ਇੰਗਤ ਸਿਧਾਂਤ

(5) ਅਨਉੱਤਰਿਤ ਪ੍ਰਸ਼ਨ

21. ਭਾਸ਼ਾ ਵਿਗਿਆਨ ਦੀ ਨਵੀਂ ਪ੍ਰਣਾਲੀ 'ਤੁਲਨਾਤਮਕ ਭਾਸ਼ਾ ਵਿਗਿਆਨ' ਦਾ ਮੁੱਢ ਬੰਨਣ ਵਾਲਾ ਭਾਸ਼ਾ ਵਿਗਿਆਨੀ ਹੈ :

(1) ਚੌਮਸਕੀ (2) ਸੌਸਿਊਰ

(3) ਵਿਲਿਅਮ ਜੋਨਜ਼ (4) ਮੈਕਸਮੂਲਰ

(5) ਅਨਉੱਤਰਿਤ ਪ੍ਰਸ਼ਨ

22. 'ਦ ਮੀਨਿੰਗ ਆਫ ਮੀਨਿੰਗਜ਼' ਪੁਸਤਕ ਦਾ ਲੇਖਕ ਹੈ ?

(1) ਮਾਲਿਨੋਵਸਕੀ ਅਤੇ ਸਾਪਿਰ

(2) ਔਗਡਨ ਤੇ ਰਿਚਰਡਜ਼

(3) ਰਿਚਰਡਜ਼ ਅਤੇ ਐਪਸਨ

(4) ਪਾਮਰ ਅਤੇ ਲੀਚ

(5) ਅਨਉੱਤਰਿਤ ਪ੍ਰਸ਼ਨ

23. ਇਤਿਹਾਸਕ ਭਾਸ਼ਾ ਵਿਗਿਆਨ ਵਿਚ ਭਾਸ਼ਾ ਮੰਨਿਆ ਜਾਂਦਾ ਹੈ :

(1) ਵਿਅੰਜਨਾਂ ਨੂੰ (2) ਸਵਰਾਂ ਨੂੰ

(3) ਸ਼ਬਦਾਂ ਨੂੰ (4) ਚਿੰਨ੍ਹਾਂ ਨੂੰ

(5) ਅਨਉੱਤਰਿਤ ਪ੍ਰਸ਼ਨ

24. ਦੋ-ਭਾਸ਼ਿਕਤਾ ਦੀ ਮਦ ਦਾ ਜਨਮ ਦਾਤਾ ਕਿਹੜਾ ਚਿੰਤਕ ਹੈ ।

(1) ਡੇਵਿਡ ਕ੍ਰਿਸਟਲ

(2) ਚਾਰਲਸ ਫਰਗੂਸਨ

(3) ਫਿਸ਼ਮੈਨ ਜੋਸੂਆ

(4) ਮੀਮੈਲ ਹੈਲੀਡੇ

(5) ਅਨਉੱਤਰਿਤ ਪ੍ਰਸ਼ਨ

25. ਦੋ ਭਾਸ਼ਾਵਾਂ ਨੂੰ ਬੋਲਣ ਵਾਲੇ ਥੋੜੇ ਸਮੇਂ ਲਈ ਮਿਲ ਕੇ ਭਾਸ਼ਾਈ-ਸੰਚਾਰ ਕਰਦੇ ਹਨ ਤਾਂ ਉਸ ਸੰਚਾਰ ਭਾਸ਼ਾ ਨੂੰ ਕਿਹਾ ਜਾਂਦਾ ਹੈ :

(1) ਪਿਜਿਨ (2) ਕਰਿਓਲ

(3) ਸਥਾਨਕ (4) ਵਿਅਕਤੀਗਤ

(5) ਅਨਉੱਤਰਿਤ ਪ੍ਰਸ਼ਨ

26. ਨਿਹੰਗ ਸਿੰਘਾਂ ਦੀ ਗੁਪਤ ਭਾਸ਼ਾ ਵਿੱਚ ਮਿਰਚ ਲਈ ਕੋਡ ਵਰਤਿਆ ਜਾਂਦਾ ਹੈ

(1) ਮਿੱਠੜੀ (2) ਲੜਾਕੀ

(3) ਕੌੜੀ (4) ਤਿੱਖੜੀ

(5) ਅਨਉੱਤਰਿਤ ਪ੍ਰਸ਼ਨ

27.

| | ਸੂਚੀ – I | | ਸੂਚੀ – II |
|---|---|---|---|
| A. | ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ | i. | ਪ੍ਰੋ. ਵਿਦਿਆ ਭਾਸਕਰ ਅਰੁਣ |
| B. | ਪੰਜਾਬੀ ਭਾਸ਼ਾ ਦਾ ਇਤਿਹਾਸ | ii. | ਹਰਕੀਰਤ ਸਿੰਘ |
| C. | ਭਾਸ਼ਾ ਅਤੇ ਭਾਸ਼ਾ ਵਿਗਿਆਨ | iii. | ਦੁਨੀ ਚੰਦ |
| D. | ਪੰਜਾਬੀ ਭਾਸ਼ਾ ਦਾ ਵਿਕਾਸ | iv. | ਪ੍ਰੇਮ ਪ੍ਰਕਾਸ਼ |

ਉਪਰੋਕਤ ਵਿਚੋਂ ਕਿਹੜਾ ਕ੍ਰਮ ਸਹੀ ਹੈ :

| | A | B | C | D |
|---|---|---|---|---|
| (1) | i | iv | iii | ii |
| (2) | iv | i | ii | iii |
| (3) | i | ii | iii | iv |
| (4) | iii | iv | i | ii |

(5) ਅਨਉੱਤਰਿਤ ਪ੍ਰਸ਼ਨ

28. ਕਿਸ ਪੰਜਾਬੀ ਉਪਭਾਸ਼ਾ ਵਿਚ 'ਵ' ਅਤੇ 'ਬ' ਧੁਨੀਆਂ ਅੰਤਰ ਵਟਾਂਦਰਾ ਕਰਦੀਆਂ ਹਨ :

(1) ਮਾਝੀ (2) ਮੁਲਤਾਨੀ
(3) ਦੁਆਬੀ (4) ਪੁਆਧੀ
(5) ਅਨਉੱਤਰਿਤ ਪ੍ਰਸ਼ਨ

29. ਕਿਹੜੀ ਉਪਬੋਲੀ ਵਿੱਚ ਦ੍ਰੁੱਤ-ਪ੍ਰਧਾਨ ਉਚਾਰਨ-ਬਿਰਤੀ ਵਧੀਕ ਹੈ :

(1) ਮਾਝੀ (2) ਮਲਵਈ
(3) ਪੋਠੋਹਾਰੀ (4) ਦੋਆਬੀ
(5) ਅਨਉੱਤਰਿਤ ਪ੍ਰਸ਼ਨ

30. ਵੈਦਿਕ ਭਾਸ਼ਾ ਵਿਚ ਕਿਹੜੀ ਬੋਲੀ ਦੇ ਸ਼ਬਦ ਸੰਭਾਲੇ ਪਏ ਹਨ :

(1) ਮਾਝੀ (2) ਮਲਵਈ
(3) ਲਹਿੰਦੀ (4) ਪੁਆਧੀ
(5) ਅਨਉੱਤਰਿਤ ਪ੍ਰਸ਼ਨ

31. ਮਾਝੀ, ਦੋਆਬੀ, ਪੁਆਧੀ ਤੇ ਮਲਵਈ ਵਿਚ ਕਿਸ ਅੱਖਰ ਦੀ ਵਰਤੋਂ ਸ਼ਬਦ ਦੀ ਵਿਚਕਾਰਲੀ ਤੇ ਅੰਤਲੀ ਸਥਿਤੀ ਵਿਚ ਭਿੰਨ ਹੈ :

(1) ਹ (2) ਕ
(3) ਖ (4) ਮ
(5) ਅਨਉੱਤਰਿਤ ਪ੍ਰਸ਼ਨ

32. ਸਹੀ ਮਿਲਾਨ ਕਰੋ :

| | | | |
|---|---|---|---|
| I. | ਮਾਝੀ | A. | ਬਠਿੰਡਾ, ਫਰੀਦ ਕੋਟ, ਮੁਕਤਸਰ |
| II. | ਮਲਵਈ | B. | ਮੋਰਿੰਡਾ, ਰੋਪੜ, ਅੰਬਾਲਾ |
| III. | ਦੁਆਬੀ | C. | ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ |
| IV. | ਪੁਆਧੀ | D. | ਹੋਸ਼ਿਆਰਪੁਰ, ਜਲੰਧਰ, ਕਪੂਰਥਲਾ |

| | I | II | III | IV |
|---|---|---|---|---|
| (1) | B | C | A | D |
| (2) | D | B | C | A |
| (3) | A | D | B | C |
| (4) | C | A | D | B |

(5) ਅਨਉੱਤਰਿਤ ਪ੍ਰਸ਼ਨ

33. ਕਿੱਤੇ ਦੀਆਂ ਲੋੜਾਂ ਦੀ ਪੂਰਤੀ ਅਨੁਸਾਰ ਕਿਹੜਾ ਭਾਸ਼ਾਈ ਵਰਗ ਪੈਦਾ ਹੁੰਦਾ ਹੈ ?

(1) ਜਾਰਗਨ (2) ਜਾਗਰਨ
(3) ਪਿਜਿਨ (4) ਕਰਿਓਲ
(5) ਅਨਉੱਤਰਿਤ ਪ੍ਰਸ਼ਨ

34. ਪਾਕਿਸਤਾਨ ਵਿਚ ਕਿਹੜੀ ਬੋਲੀ ਨੂੰ ਇਕ ਸੁਤੰਤਰ ਭਾਸ਼ਾ ਦੇ ਤੌਰ ਤੇ ਸਥਾਪਿਤ ਕੀਤਾ ਜਾ ਰਿਹਾ ਹੈ ?

(1) ਸ਼ਰਾਇਕੀ (2) ਮੁਲਤਾਨੀ
(3) ਡੋਗਰੀ (4) ਟਕਸਾਲੀ ਪੰਜਾਬੀ
(5) ਅਨਉੱਤਰਿਤ ਪ੍ਰਸ਼ਨ

35. ਬਲੂਮਫ਼ੀਲਡ ਤੇ ਸੌਸਿਊਰ ਜਿੰਨ੍ਹਾਂ ਵਿਦਵਾਨਾਂ ਦੇ ਪ੍ਰੇਰਣਾ-ਸਰੋਤ ਬਣ ਰਹੇ ਹਨ ਉਹ ਵਿਦਵਾਨ ਕਿਹੜੇ ਸਕੂਲ ਵਜੋਂ ਸਥਾਪਿਤ ਹੋਏ ਹਨ :

(1) ਇਤਿਹਾਸਵਾਦੀ (2) ਸੰਰਚਨਾਵਾਦੀ
(3) ਰੂਪਵਾਦੀ (4) ਭਾਵਵਾਦੀ
(5) ਅਨਉੱਤਰਿਤ ਪ੍ਰਸ਼ਨ

36. ਦੁਕਾਲਕ ਅਧਿਅਨ ਭਾਸ਼ਾ ਦੀ ਕਿਹੜੀ ਅਵਸਥਾ ਦਾ ਅਧਿਅਨ ਹੁੰਦਾ ਹੈ :

(1) ਗਤੀਸ਼ੀਲ (2) ਇਕਕਾਲੀਨ
(3) ਗਤੀਹੀਨ (4) ਸਥੈਤਿਕ
(5) ਅਨਉੱਤਰਿਤ ਪ੍ਰਸ਼ਨ

37. ਸਹੀ ਉੱਤਰ ਚੁਣੋ :

(1) ਲਾਂਗ ਇਕ ਭਾਸ਼ਾਈ ਸਿਸਟਮ ਹੈ ਜਦੋਂ ਕਿ ਪਰੋਲ ਉਸ ਸਿਸਟਮ ਦਾ ਵਿਅਕਤੀਗਤ ਪ੍ਰਗਟਾਵਾ ਹੈ ।
(2) ਲਾਂਗ ਦਾ ਪ੍ਰਗਟਾਵਾ ਕਿਸੇ ਵਿਅਕਤੀ ਦੀ ਭਾਸ਼ਾ ਵਿਚ ਨਹੀਂ ਹੁੰਦਾ ਹੈ ।
(3) ਲਾਂਗ ਵਿਚ ਭਾਸ਼ਾ ਦਾ ਸਰੂਪ ਨਿਸ਼ਚਿਤ ਨਹੀਂ ਹੁੰਦਾ ।
(4) ਸੌਸਿਊਰ ਨੇ ਲਾਂਗ ਦੀ ਥਾਂ ਪੈਰੋਲ ਨੂੰ ਆਧਾਰ ਮੰਨਿਆ ਹੈ ।
(5) ਅਨਉੱਤਰਿਤ ਪ੍ਰਸ਼ਨ

38. 'ਭਾਸ਼ਾ-ਵਿਗਿਆਨ, ਭਾਸ਼ਾ, ਲਿਪੀ ਤੇ ਲੋਕ ਸਾਹਿਤ' ਪੁਸਤਕ ਦਾ ਕਰਤਾ ਕੌਣ ਹੈ ?

(1) ਹਰਕੀਰਤ ਸਿੰਘ
(2) ਬਲਦੇਵ ਰਾਜ ਗੁਪਤਾ
(3) ਪਰਮਜੀਤ ਸਿੰਘ ਸਿੱਧੂ
(4) ਬੂਟਾ ਸਿੰਘ ਬਰਾੜ
(5) ਅਨਉੱਤਰਿਤ ਪ੍ਰਸ਼ਨ

39. ਕਿਸ ਭਾਸ਼ਾ ਵਿਗਿਆਨੀ ਨੇ ਇਹ ਸਿਧਾਂਤ ਸਥਾਪਤ ਕੀਤਾ ਹੈ ਕਿ ਭਾਸ਼ਾ ਨੂੰ ਸਿੱਖਣ ਦੀ ਸਮਰਥਾ ਜਮਾਂਦਰੂ ਹੁੰਦੀ ਹੈ ਅਤੇ ਇਸ ਵਿੱਚ ਬੜੇ ਸੀਮਤ ਨੇਮਾਂ ਦੀ ਵਰਤੋਂ ਰਾਹੀਂ ਅਸੀਮਤ ਵਾਕਾਤਮਕ ਬਣਤਰਾਂ ਦੀ ਸਿਰਜਣਾ ਹੁੰਦੀ ਹੈ ?

(1) ਬਲੂਮਫੀਲਡ (2) ਸੀ.ਐੱਫ਼ ਹੌਕੇਟ

(3) ਨੌਮ ਚੌਮਸਕੀ (4) ਸਾਸਿਊਰ

(5) ਅਨਉੱਤਰਿਤ ਪ੍ਰਸ਼ਨ

40. ਰੂਪਾਂਤਰੀ ਨੇਮਾਂ ਦੁਆਰਾ ਕਿਸ ਤੱਤ ਦੀ ਮੂਲ ਪ੍ਰਕ੍ਰਿਤੀ ਸਪਸ਼ਟ ਹੋ ਜਾਂਦੀ ਹੈ :

(1) ਵਾਕ ਦੀ (2) ਸ਼ਬਦ ਦੀ

(3) ਧੁਨੀ ਦੀ (4) ਭਾਸ਼ਾ ਦੀ

(5) ਅਨਉੱਤਰਿਤ ਪ੍ਰਸ਼ਨ

41. ਨਾਸਿਕਤਾ ਦੇ ਨਾਲ-ਨਾਲ ਦੁੱਤ ਵਿਅੰਜਨ ਦਾ ਵੀ ਸੂਚਕ ਲਿਪੀ ਚਿੰਨ੍ਹ ਹੈ :

(1) ਟਿੱਪੀ (2) ਬਿੰਦੀ

(3) ਅੱਧਕ (4) ਸੁਰ

(5) ਅਨਉੱਤਰਿਤ ਪ੍ਰਸ਼ਨ

42.

| | ਸੂਚੀ – I | | ਸੂਚੀ – II |
|---|---|---|---|
| A. | ਤਾਲਵੀ | i. | ਤ ਥ ਦ ਧ ਨ |
| B. | ਮੂਰਧਨੀ | ii. | ਪ ਫ ਬ ਭ ਮ |
| C. | ਦੰਤੀ | iii. | ਟ ਠ ਡ ਢ ਣ |
| D. | ਹੋਠੀ | iv. | ਚ ਛ ਜ ਝ ਞ |

ਉਪਰੋਕਤ ਵਿਚੋਂ ਕਿਹੜਾ ਕ੍ਰਮ ਸਹੀ ਹੈ :

| | A | B | C | D |
|---|---|---|---|---|
| (1) | iii | iv | i | ii |
| (2) | ii | i | iv | iii |
| (3) | i | ii | iii | iv |
| (4) | iv | iii | i | ii |

(5) ਅਨਉੱਤਰਿਤ ਪ੍ਰਸ਼ਨ

43. ਚੌਮਸਕੀ ਨੇ ਅਰਥ ਪੱਧਰ ਦੇ ਸੰਬੰਧਾਂ ਨੂੰ 'ਏਜੈਂਟ' ਅਤੇ 'ਥੀਮ' ਆਦਿ ਦੇ ਰੂਪ ਵਿੱਚ ਕਿਸ ਥਿਊਰੀ ਰਾਹੀਂ ਗ੍ਰਹਿਣ ਕੀਤਾ ਹੈ ?

(1) ਆਯੋਟਾ ਥਿਊਰੀ (2) ਅਲਫਾ ਥਿਊਰੀ

(3) ਬੀਟਾ ਥਿਊਰੀ (4) ਥੀਟਾ ਥਿਊਰੀ

(5) ਅਨਉੱਤਰਿਤ ਪ੍ਰਸ਼ਨ

44. ਉਚਾਰ ਦੀ ਛੋਟੀ ਤੋਂ ਛੋਟੀ ਇਕਾਈ ਹੈ :

(1) ਰੂਪਗ੍ਰਾਮ (2) ਧੁਨੀ

(3) ਧੁਨੀਗ੍ਰਾਮ (4) ਸ਼ਬਦ

(5) ਅਨਉੱਤਰਿਤ ਪ੍ਰਸ਼ਨ

45. ਜਦੋਂ ਦੋ ਧੁਨੀਆਂ ਕਿਸੇ ਇੱਕੋ ਹੀ ਭਾਸ਼ਾਈ ਪ੍ਰਸੰਗ ਵਿਚ ਵਿਚਰ ਸਕਦੀਆਂ ਹੋਣ ਤੇ ਉਨ੍ਹਾਂ ਦਾ ਤਦਰੂਪੀ ਤਬਾਦਲਾ ਅਰਥ ਭੇਦਕ ਹੋਵੇ ਤਾਂ ਉਹ ਧੁਨੀਆਂ ਹੁੰਦੀਆਂ ਹਨ :

(1) ਸਹਿ (2) ਸਮਾਨ

(3) ਨਖੇੜੂ (4) ਪ੍ਰਤੀਬੋਧਕ

(5) ਅਨਉੱਤਰਿਤ ਪ੍ਰਸ਼ਨ

46. "ਘੋੜੇ ਨੇ ਪਾਣੀ ਪੀਤਾ" ਉਪਰੋਕਤ ਵਾਕ ਵਿਚ 'ਨੇ' ਦੀ ਧੁਨੀ ਪੱਧਰ 'ਤੇ ਇਕਾਈ ਹੈ :

(1) ਨਾ, ਏ (2) ਨ, ਅ, ਏ

(3) ਨੇ (4) ਨ, ਏ

(5) ਅਨਉੱਤਰਿਤ ਪ੍ਰਸ਼ਨ

47. ਉਚਾਰਨ ਨਾਲ ਪੈਦਾ ਹੋਈਆਂ ਧੁਨੀ-ਲਹਿਰਾਂ ਤੇ ਵਾਯੂ-ਦੁਆਰਾ ਉਨ੍ਹਾਂ ਦਾ ਸੰਚਾਰ ਅਤੇ ਧੁਨੀਆਂ ਦੇ ਭੌਤਿਕ ਗੁਣ ਲੱਛਣ ਆਦਿ ਦਾ ਅਧਿਅਨ ਹੈ :

(1) ਸੰਚਾਰ-ਧੁਨੀ-ਵਿਗਿਆਨ

(2) ਸ੍ਰਵਣੀ-ਧੁਨੀ-ਵਿਗਿਆਨ

(3) ਉਚਾਰ-ਧੁਨੀ-ਵਿਗਿਆਨ

(4) ਸ੍ਰਵਣੀ ਤੇ ਸੰਚਾਰ-ਧੁਨੀ-ਵਿਗਿਆਨ

(5) ਅਨਉੱਤਰਿਤ ਪ੍ਰਸ਼ਨ

48. ਹਾਕੇਟ, ਜਾਨ ਲਾਇਨਜ਼ ਤੇ ਆਰ.ਐਚ.ਰੋਬਿਨਜ਼ ਭਾਸ਼ਾ ਵਿਗਿਆਨੀਆਂ ਨੇ ਸਵਰਾਂ ਦੀ ਵੰਡ-ਵਿਧੀ ਦੇ ਆਧਾਰ ਸਵੀਕਾਰ ਕੀਤੇ ਹਨ :

(1) ਇੱਕ ਪਾਸਾਰੀ (2) ਦੋ ਪਾਸਾਰੀ

(3) ਤਿੰਨ ਪਾਸਾਰੀ (4) ਚਾਰ ਪਾਸਾਰੀ

(5) ਅਨਉੱਤਰਿਤ ਪ੍ਰਸ਼ਨ

49. ਪੂਰਬੀ ਪੰਜਾਬੀ ਵਿਚ ਸਘੋਸ਼ ਮਹਾਂ-ਪ੍ਰਾਣ ਧੁਨੀਆਂ ਅਲੋਪ ਹੋ ਗਈਆਂ ਤੇ ਇੰਨ੍ਹਾਂ ਦੀ ਥਾਂ ਲੈ ਲਈ ਹੈ :

(1) ਪਿੱਚ (2) ਤਾਨ

(3) ਬਲ (4) ਸੁਰ

(5) ਅਨਉੱਤਰਿਤ ਪ੍ਰਸ਼ਨ

50. ਪੰਜਾਬੀ ਭਾਸ਼ਾ ਨੂੰ ਬਾਕੀ ਭਾਸ਼ਾਵਾਂ ਨਾਲੋਂ ਨਿਖੇੜਨ ਵਾਲੀ ਭਾਸ਼ਾਈ ਨਿਸ਼ਾਨੀ ਹੈ :

(1) ਬਿੰਦੀ (2) ਸੁਰ

(3) ਟਿੱਪੀ (4) ਅੱਧਕ

(5) ਅਨਉੱਤਰਿਤ ਪ੍ਰਸ਼ਨ

51. ਤਿੰਨ ਵਿਅੰਜਨ ਗੁੱਛਿਆਂ ਵਿਚ ਪਹਿਲਾ ਵਿਅੰਜਨ ਹਮੇਸ਼ਾ ਹੁੰਦਾ ਹੈ :

(1) ਸਵਰ (2) ਡੱਕਵਾਂ

(3) ਅਡੱਕਵਾਂ (4) ਇਕਹਿਰਾ ਵਿਅੰਜਨ

(5) ਅਨਉੱਤਰਿਤ ਪ੍ਰਸ਼ਨ

52. ਸਹੀ ਕ੍ਰਮ ਦੱਸੋ ।

(1) ਰੂਪਗ੍ਰਾਮ, ਵਾਕਾਂਸ਼, ਸ਼ਬਦ, ਉਪਵਾਕ, ਵਾਕ ।

(2) ਸ਼ਬਦ, ਵਾਕਾਂਸ਼, ਰੂਪਗ੍ਰਾਮ, ਉਪਵਾਕ, ਵਾਕ ।

(3) ਸ਼ਬਦ, ਰੂਪਗ੍ਰਾਮ, ਵਾਕਾਂਸ਼, ਉਪਵਾਕ, ਵਾਕ ।

(4) ਰੂਪਗ੍ਰਾਮ, ਸ਼ਬਦ, ਵਾਕਾਂਸ਼, ਉਪਵਾਕ, ਵਾਕ ।

(5) ਅਨਉੱਤਰਿਤ ਪ੍ਰਸ਼ਨ

53. ਵਿਚਲੇ ਸਵਰ ਹਨ :

(1) ਇ, ਉ (2) ਈ, ਏ

(3) ਉ, ਔ (4) ਐ, ਏ

(5) ਅਨਉੱਤਰਿਤ ਪ੍ਰਸ਼ਨ

54. "ਫ, ਥ, ਢ, ਛ, ਖ" ਧੁਨੀਆਂ ਹਨ

(1) ਸਘੋਸ਼ ਅਲਪਪ੍ਰਾਣ

(2) ਅਘੋਸ਼ ਅਲਪਪ੍ਰਾਣ

(3) ਅਘੋਸ਼ ਮਹਾਂਪ੍ਰਾਣ

(4) ਪਾਸੇ ਦਾਰ

(5) ਅਨਉੱਤਰਿਤ ਪ੍ਰਸ਼ਨ

55. ਜਦੋਂ ਸਾਹ ਦੀ ਹਵਾ ਕਿਸੇ ਥਾਂ ਤੋਂ ਰੁਕਣ ਤੋਂ ਬਾਅਦ ਇਕਦਮ ਝਟਕੇ ਨਾਲ ਬਾਹਰ ਨਿਕਲਦੀ ਹੈ, ਜਿਵੇਂ ਧਮਾਕਾ ਹੁੰਦਾ ਹੈ, ਉਨ੍ਹਾਂ ਨੂੰ ਕਿਹਾ ਜਾਂਦਾ ਹੈ :

(1) ਸਫੋਟ ਧੁਨੀਆਂ

(2) ਸਪਰਸ਼ੀ ਧੁਨੀਆਂ

(3) ਸੰਘਰਸ਼ੀ ਧੁਨੀਆਂ

(4) ਪਾਰਸ਼ਵਿਕ ਧੁਨੀਆਂ

(5) ਅਨਉੱਤਰਿਤ ਪ੍ਰਸ਼ਨ

56. ਪੰਜਾਬੀ ਦੀ "ਲ" ਧੁਨੀ ਹੈ ।

(1) ਪਾਸੇਦਾਰ, ਦੰਤੀ ।

(2) ਮਹਾਪ੍ਰਾਣ, ਹੋਠੀ ।

(3) ਨਾਦੀ, ਅਲਪਪ੍ਰਾਣ, ਦੰਤੀ

(4) ਖਹਿਵੀਂ, ਸੁਰਯੰਤਰੀ I

(5) ਅਨਉੱਤਰਿਤ ਪ੍ਰਸ਼ਨ

57. ਭਾਸ਼ਾਵਾਂ ਦੀਆਂ ਵਿਸ਼ੇਸ਼ ਧੁਨੀਆਂ ਦਾ ਅਧਿਅਨ ਕਰਨ ਵਾਲਾ ਵਿਗਿਆਨ ਹੈ :

(1) ਧੁਨੀ-ਵਿਉਂਤ

(2) ਧੁਨੀ ਵਿਗਿਆਨ

(3) ਸਾਮਨਯ ਧੁਨੀ ਵਿਗਿਆਨ

(4) ਫੋਨੈਟਿਕਸ

(5) ਅਨਉੱਤਰਿਤ ਪ੍ਰਸ਼ਨ

58. ਹੇਠ ਲਿਖੀਆਂ ਵਿਅੰਜਨ ਧੁਨੀਆਂ ਵਿੱਚੋਂ ਕਿਹੜੀ ਧੁਨੀ ਦੰਤੀ ਨਹੀਂ ਹੈ ?

(1) ਤ (2) ਦ

(3) ਥ (4) ਗ

(5) ਅਨਉੱਤਰਿਤ ਪ੍ਰਸ਼ਨ

59. ਪਰਾਧੀਨ ਧੁਨੀਆਂ ਕਿਹੜੀਆਂ ਹੁੰਦੀਆਂ ਹਨ ?

(1) ਸਵਰ

(2) ਵਿਅੰਜਨ

(3) ਦੋਵੇਂ ਹੀ

(4) ਇਹਨਾਂ ਵਿੱਚੋਂ ਕੋਈ ਨਹੀਂ

(5) ਅਨਉੱਤਰਿਤ ਪ੍ਰਸ਼ਨ

60. ਪੰਜਾਬੀ ਵਿਚ ਪਰਾਣਤਾ ਦਾ ਪ੍ਰਭਾਵ ਕਿਹੜੀਆਂ ਧੁਨੀਆਂ 'ਤੇ ਪੈਂਦਾ ਹੈ :

(1) ਮੂੰਹ-ਪੋਲ (2) ਨੱਕ-ਪੋਲ

(3) ਡੱਕਵੀਆਂ (4) ਨਾਸਕੀ

(5) ਅਨਉੱਤਰਿਤ ਪ੍ਰਸ਼ਨ

61. ਅਖੰਡੀ ਧੁਨੀਆਂ ਹਨ :

(1) ਬਲ, ਸਵਰ ਧੁਨੀਆਂ

(2) ਨਾਸਿਕਤਾ, ਵਿਅੰਜਨ ਧੁਨੀਆਂ

(3) ਨਾਸਿਕਤਾ, ਬਲ, ਸੁਰ

(4) ਸੁਰ, ਬੋਲ-ਜੰਤਰ

(5) ਅਨਉੱਤਰਿਤ ਪ੍ਰਸ਼ਨ

62. ਨਾਦੀ ਅਲਪਪ੍ਰਾਣ ਧੁਨੀਆਂ ਦਾ ਸਹੀ ਜੁੱਟ ਹੈ
(1) ਗ, ਜ, ਠ, ਥ, ਬ।
(2) ਜ, ਡ, ਬ, ਥ, ਛ।
(3) ਗ, ਜ, ਡ, ਦ, ਬ।
(4) ਗ, ਜ, ਡ, ਢ, ਵ।
(5) ਅਨਉੱਤਰਿਤ ਪ੍ਰਸ਼ਨ

63. ਪਿਛਲੇਰੇ ਅਤੇ ਵਿਚਾਕਲੇ ਸਵਰ ਉਚਾਰਨ ਵੇਲੇ ਬੁੱਲ੍ਹਾਂ ਦੀ ਸ਼ਕਲ ਹੁੰਦੀ ਹੈ :
(1) ਚੌਰਸ (2) ਗੁਲਾਈਦਾਰ
(3) ਨੋਕਦਾਰ (4) ਤਿਰਸ਼ੇ
(5) ਅਨਉੱਤਰਿਤ ਪ੍ਰਸ਼ਨ

64. ਪੰਜਾਬੀ ਭਾਸ਼ਾ ਵਿਚ ਸੁਰਾਂ ਦੀ ਗਿਣਤੀ ਹੈ :
(1) ਤਿੰਨ (2) ਚਾਰ
(3) ਪੰਜ (4) ਇੱਕ
(5) ਅਨਉੱਤਰਿਤ ਪ੍ਰਸ਼ਨ

65. ਪੰਜਾਬੀ ਭਾਸ਼ਾ ਦੀ ਕਿਹੜੀ ਧੁਨੀ ਅਰਧ ਸਵਰ ਹੈ ?
(1) ਲ (2) ਅ
(3) ਯ (4) ਰ
(5) ਅਨਉੱਤਰਿਤ ਪ੍ਰਸ਼ਨ

66. ਪੰਜਾਬੀ ਵਿਚ ਸੁਰ ਉਚਾਰੀ ਜਾਂਦੀ ਹੈ ?
(1) ਅਨਾਦੀ ਅਲਪ ਪ੍ਰਾਣ ਧੁਨੀਆਂ ਦੀ ਥਾਂ
(2) ਨਾਦੀ ਸਘੋਸ਼ ਮਹਾਂਪ੍ਰਾਨ ਧੁਨੀਆਂ ਦੀ ਥਾਂ
(3) ਨਾਦੀ ਅਲਪ ਪ੍ਰਾਣ ਧੁਨੀਆਂ ਦੀ ਥਾਂ
(4) ਅਨਾਦੀ ਮਹਾਂਪ੍ਰਾਣ ਧੁਨੀਆਂ ਦੀ ਥਾਂ
(5) ਅਨਉੱਤਰਿਤ ਪ੍ਰਸ਼ਨ

67. ਭਾਸ਼ਾ ਦੀ ਅਭਿਵਿਅਕਤੀ ਪੱਖ ਦੀ ਨਿੱਕੀ ਤੋਂ ਨਿੱਕੀ ਸਾਰਥਕ ਵਿਆਕਰਣਕ ਇਕਾਈ ਹੈ।
(1) ਸ਼ਬਦ (2) ਰੂਪਗ੍ਰਾਮ
(3) ਵਾਕਾਂਸ਼ (4) ਵਰਨ
(5) ਅਨਉੱਤਰਿਤ ਪ੍ਰਸ਼ਨ

68. ਪੰਜਾਬੀ ਦੇ ਸਰਕਵੇਂ ਵਿਅੰਜਨਾਂ ਦਾ ਸਹੀ ਜੁੱਟ ਕਿਹੜਾ ਹੈ।
(1) ਰ, ਯ। (2) ਯ, ਵ।
(3) ਯ, ਹ। (4) ਵ, ਰ।
(5) ਅਨਉੱਤਰਿਤ ਪ੍ਰਸ਼ਨ

69. ਆਧੁਨਿਕ ਵਿਆਕਰਨ ਹੈ :
(1) ਮਾਰਫੀਸ ਆਧਾਰਿਤ।
(2) ਸ਼ਬਦ ਆਧਾਰਿਤ।
(3) ਵਾਕ ਆਧਾਰਿਤ।
(4) ਵਰਨ ਆਧਾਰਿਤ।
(5) ਅਨਉੱਤਰਿਤ ਪ੍ਰਸ਼ਨ

70. ਬਣਤਰ ਦੇ ਪੱਧਰ 'ਤੇ ਕਿਰਿਆ ਵਿਸ਼ੇਸ਼ਣਾਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ ?
(1) ਦੋ (2) ਤਿੰਨ
(3) ਚਾਰ (4) ਪੰਜ
(5) ਅਨਉੱਤਰਿਤ ਪ੍ਰਸ਼ਨ

71. ਭਾਸ਼ਾ ਦੀ ਸੰਰਚਨਾ ਵਿਚ ਛੋਟੀ ਤੋਂ ਛੋਟੀ ਸਾਰਥਕ ਵਿਆਕਰਨਕ ਇਕਾਈ, ਜਿਸ ਤੋਂ ਸ਼ਬਦਾਂ ਤੋਂ ਸ਼ਬਦਾਂਸ਼ਾਂ ਦੀ ਸਿਰਜਨਾ ਹੁੰਦੀ ਹੈ :
(1) ਰੂਪਗ੍ਰਾਮ (2) ਸ਼ਬਦ
(3) ਧੁਨ (4) ਬੋਲ
(5) ਅਨਉੱਤਰਿਤ ਪ੍ਰਸ਼ਨ

72. 'ਅਣਵਿਆਹੀਆਂ' ਸ਼ਬਦ ਵਿਚ ਮੂਲਾਂਸ਼ ਹੈ :
(1) ਅਣ (2) ਈ
(3) ਆਂ (4) ਵਿਆਹ
(5) ਅਨਉੱਤਰਿਤ ਪ੍ਰਸ਼ਨ

73. ਰੂਪ ਵਿਗਿਆਨ ਦੇ ਮੁਖ ਵਿਭਾਗ ਹਨ :
(1) ਸਮਾਸੀਕਰਨ, ਸ਼ਬਦ ਰਚਨਾ
(2) ਸ਼ਬਦ-ਸੰਰਚਨਾ, ਸ਼ਬਦ ਰਚਨਾ
(3) ਵਿਭਕਤੀਕਰਨ, ਵਿਆਕਰਨ
(4) ਵਾਕ ਵਿਉਂਤ, ਸ਼ਬਦ ਰਚਨਾ
(5) ਅਨਉੱਤਰਿਤ ਪ੍ਰਸ਼ਨ

74. ਹਰ ਇਕ ਭਾਸ਼ਾ ਵਿੱਚ ਕੁੱਝ ਰੂਪਗ੍ਰਾਮ ਬੋਲਾਂ ਦੇ ਪੱਧਰ ਤੇ ਸਮਰੂਪ ਹੁੰਦੇ ਹਨ ਪਰ ਅਰਥ ਪੱਧਰ ਤੇ, ਵੱਖੋਂ ਵੱਖਰੇ ਹੁੰਦੇ ਹਨ, ਇਨ੍ਹਾਂ ਨੂੰ ਕਿਹਾ ਜਾਂਦਾ ਹੈ :
(1) ਸੁਤੰਤਰ ਰੂਪਗ੍ਰਾਮ।
(2) ਜੁੜਵਾ ਰੂਪਗ੍ਰਾਮ।
(3) ਸਾਰਥਕ ਰੂਪਗ੍ਰਾਮ।
(4) ਸਮਧੁਨੀ ਰੂਪਗ੍ਰਾਮ।
(5) ਅਨਉੱਤਰਿਤ ਪ੍ਰਸ਼ਨ

75. **ਕਥਨ (A)** : ਭਾਸ਼ਾ ਵਿਗਿਆਨੀਆਂ ਦੀ ਰਾਇ ਹੈ ਕਿ ਰੂਪ ਵਿਗਿਆਨਿਕ ਸੰਰਚਨਾ ਦਾ ਵਿਸ਼ਲੇਸ਼ਣ ਕਈ ਤਰ੍ਹਾਂ ਦੇ ਮੌਲਿਕ ਵਿਰੋਧਾਂ ਉੱਤੇ ਆਧਾਰਿਤ ਹੁੰਦਾ ਹੈ ।

**ਕਾਰਨ (R)** : ਇਨ੍ਹਾਂ ਵਿਰੋਧਾਂ ਅਤੇ ਟਾਕਰੇ ਦੇ ਨਤੀਜੇ ਵਜੋਂ ਮਾਰਫੀਮਾਂ ਦੀ ਵਰਗਬੰਦੀ ਕੀਤੀ ਜਾਂਦੀ ਹੈ ।

(1) (A) ਗ਼ਲਤ ਹੈ (R) ਸਹੀ ਹੈ ।
(2) (A) ਆਂਸ਼ਿਕ ਸਹੀ ਹੈ (R) ਗ਼ਲਤ ਹੈ ।
(3) (A) ਅਤੇ (R) ਦੋਵੇਂ ਸਹੀ ਹਨ ।
(4) (A) ਅਤੇ (R) ਆਂਸ਼ਿਕ ਸਹੀ ਹਨ ।
(5) ਅਨਉੱਤਰਿਤ ਪ੍ਰਸ਼ਨ

76. ਵਾਕ ਨੂੰ ਨਿਕਟ-ਅੰਗ ਵਿਧੀ ਰਾਹੀਂ ਵਿਸ਼ਲੇਸ਼ਿਤ ਕਰਨ ਦਾ ਸੁਝਾਅ ਕਿਸਨੇ ਦਿੱਤਾ ?
(1) ਹੈਲੀਡੇ
(2) ਸੁਰਿੰਦਰ ਸਿੰਘ ਖਹਿਰਾ
(3) ਚਾਰਲਸ ਫਹਾਈਜ ਅਤੇ ਬਲੂਮ ਫੀਲਡ
(4) ਬਲਦੇਵ ਸਿੰਘ ਚੀਮਾ
(5) ਅਨਉੱਤਰਿਤ ਪ੍ਰਸ਼ਨ

77. 'ਸਾਡਾ ਘਰ ਬਾਹਰਵਾਰ ਹੈ' ਉਪਰੋਕਤ ਵਾਕ ਅੰਦਰ ਕਿਰਿਆ ਵਿਸ਼ੇਸ਼ਣ ਇਕਾਈ ਹੈ :
(1) ਸਾਡਾ (2) ਬਾਹਰਵਾਰ
(3) ਘਰ (4) ਹੈ
(5) ਅਨਉੱਤਰਿਤ ਪ੍ਰਸ਼ਨ

78. ਅਕਰਮਕ ਕਿਰਿਆ ਵਾਲੇ ਵਾਕਾਂ ਦੀ ਤਰਤੀਬ ਹੈ :
(1) ਕਰਮ, ਕਿਰਿਆ
(2) ਕਰਤਾ, ਕਰਮ, ਕਿਰਿਆ
(3) ਕਰਤਾ, ਕਰਮ
(4) ਕਰਤਾ, ਕਿਰਿਆ
(5) ਅਨਉੱਤਰਿਤ ਪ੍ਰਸ਼ਨ

79. 'ਟਣ-ਪੁਟਣਾ' ਭਾਵਾਂਸ਼ ਹੈ
(1) ਇਕਹਿਰਾ ਸਵਰ
(2) ਇਕਹਿਰਾ ਵਿਅੰਜਨ
(3) ਸਵਰ-ਗੁੱਛੇ
(4) ਵਿਅੰਜਨ-ਸੰਯੋਗ
(5) ਅਨਉੱਤਰਿਤ ਪ੍ਰਸ਼ਨ

80. 'ਉਹ ਮੁੰਡਾ ਜਿਹੜਾ ਪਿੰਡ ਰਹਿੰਦਾ ਹੈ, ਅੱਜ ਘਰ ਆਇਆ ਹੈ ।' ਵਾਕ ਦੀ ਕਿਹੜੀ ਕਿਸਮ ਹੈ ?
(1) ਸਧਾਰਨ ਵਾਕ (2) ਮਿਸ਼ਰਤ ਵਾਕ
(3) ਉਪਵਾਕ (4) ਸੰਯੁਕਤ ਵਾਕ
(5) ਅਨਉੱਤਰਿਤ ਪ੍ਰਸ਼ਨ

81. ਅਰਥ ਵਿਗਿਆਨ ਅੰਤਰਗਤ 'ਅਪੋਹ ਸਿਧਾਂਤ' ਦੀ ਦੇਣ ਹੈ :
(1) ਯਾਸਕ (2) ਪਤੰਜਲੀ
(3) ਬੋਧੀ ਸਕੂਲ (4) ਭਰਤਰੀ ਹਰੀ
(5) ਅਨਉੱਤਰਿਤ ਪ੍ਰਸ਼ਨ

82. ਸ਼ਬਦ ਦੇ ਮੂਲ ਜਾਂ ਮੁਢਲੇ ਅਰਥ ਦਾ ਪ੍ਰਗਟਾਵਾ ਕਰਨ ਵਾਲੀ ਸ਼ਬਦ ਸ਼ਕਤੀ ਹੈ :
(1) ਸਮਤੁਲ (2) ਵਿਅੰਜਨਾ
(3) ਲਕਸ਼ਣਾ (4) ਅਭਿਧਾ
(5) ਅਨਉੱਤਰਿਤ ਪ੍ਰਸ਼ਨ

83. ਪੰਜਾਬੀ ਵਾਕ ਬਣਤਰ ਦੀ ਤਰਤੀਬ ਹੈ ?
(1) ਕਰਮ ਕਿਰਿਆ ਕਰਤਾ
(2) ਕਿਰਿਆ ਕਰਮ ਕਰਤਾ
(3) ਕਰਮ ਕਰਤਾ ਕਿਰਿਆ
(4) ਕਰਤਾ ਕਰਮ ਕਿਰਿਆ
(5) ਅਨਉੱਤਰਿਤ ਪ੍ਰਸ਼ਨ

84. ਸ਼ਬਦ ਦੀ ਰੂਪਕ ਪੱਧਰ ਦੀ ਵਰਤੋਂ ਕਰਨ ਵਾਲੀ ਸ਼ਬਦ ਸ਼ਕਤੀ ਹੈ :
(1) ਲਕਸ਼ਣਾ (2) ਵਿਅੰਜਨਾ
(3) ਅਭਿਧਾ (4) ਸਮਤੁਲ
(5) ਅਨਉੱਤਰਿਤ ਪ੍ਰਸ਼ਨ

85. ਭਾਰਤੀ ਅਰਥ ਪਰੰਪਰਾ ਵਿੱਚ ਬਹੁ-ਅਰਥਕਤਾ ਨੂੰ ਕਿਸ ਸ਼ਬਦ-ਸ਼ਕਤੀ ਅਨੁਸਾਰ ਵੇਖਿਆ ਜਾਂਦਾ ਹੈ ।
(1) ਅਭਿਲ (2) ਲਕਸ਼ਣਾ
(3) ਵਿਅੰਜਣਾ (4) ਤਾਤਪਰਯ
(5) ਅਨਉੱਤਰਿਤ ਪ੍ਰਸ਼ਨ

86. 'ਇਸ ਪਿੰਡ ਦੇ ਸਾਰੇ ਵਸਨੀਕ' ਉਪਰੋਕਤ ਸ਼ਬਦ-ਸਮੂਹ ਹੈ :
(1) ਵਾਕੰਸ਼ (2) ਉਪਵਾਕ
(3) ਵਾਕ (4) ਸ਼ਬਦ
(5) ਅਨਉੱਤਰਿਤ ਪ੍ਰਸ਼ਨ

87. ਅਭਿਧਾ ਮੂਲਕ ਅਰਥਾਂ ਦੀ ਪ੍ਰੋੜ੍ਹਤਾ ਕਰਨ ਵਾਲੇ ਸਕੂਲ ਹਨ :
(1) ਨਿਆਂਇ, ਮੀਮਾਂਸਾ
(2) ਮੀਮਾਂਸਾ, ਵੈਸ਼ੇਸ਼ਿਕ
(3) ਸਾਂਖ, ਨਿਆਇ
(4) ਯੋਗ, ਸਾਂਖ
(5) ਅਨਉੱਤਰਿਤ ਪ੍ਰਸ਼ਨ

88. ਉਪਵਾਕ ਦਾ ਦਰਜਾ ਹੈ ?
(1) ਵਾਕੰਸ਼ ਤੋਂ ਉੱਤੇ ਦਾ ਅਤੇ ਵਾਕ ਤੋਂ ਥੱਲੇ ਦਾ
(2) ਵਾਕੰਸ਼ ਤੋਂ ਥੱਲੇ ਦਾ ਅਤੇ ਵਾਕ ਤੋਂ ਉੱਤੇ ਦਾ
(3) ਵਾਕੰਸ਼ ਦੇ ਸਮਾਨ
(4) ਵਾਕ ਦੇ ਸਮਾਨ
(5) ਅਨਉੱਤਰਿਤ ਪ੍ਰਸ਼ਨ

89. ਭਾਰੋਪੀ ਭਾਸ਼ਾ ਪਰਿਵਾਰ ਵਿਚ ਬੋਲੀਆਂ ਦੀ ਮੈਂਬਰਸ਼ਿਪ ਹੈ :
(1) ਪੰਜਾਹ (2) ਸੌ
(3) ਹਜ਼ਾਰ (4) ਅਣਗਿਣਤ
(5) ਅਨਉੱਤਰਿਤ ਪ੍ਰਸ਼ਨ

90. ਸਹੀ ਜੁੱਟ ਬਣਾਓ :

| | **ਸੂਚੀ – I** | | **ਸੂਚੀ – II** |
|---|---|---|---|
| A. | ਭਾਰਤੀ ਯੂਰਪੀ ਭਾਸ਼ਾ ਪਰਿਵਾਰ | I. | ਅਰਬੀ, ਹਬਸ਼ੀ |
| B. | ਦਰਾਵੜ ਭਾਸ਼ਾ ਪਰਿਵਾਰ | II. | ਬਰਮੀ, ਸਿਆਮੀ |
| C. | ਸਾਮੀ ਭਾਸ਼ਾ ਪਰਿਵਾਰ | III. | ਯੂਨਾਨੀ, ਲਾਤੀਨੀ |
| D. | ਚੀਨੀ ਤਿੱਬਤੀ ਭਾਸ਼ਾ ਪਰਿਵਾਰ | IV. | ਤਾਮਿਲ, ਤੇਲਗੂ |

ਉਪਰੋਕਤ ਵਿਚੋਂ ਕਿਹੜਾ ਕ੍ਰਮ ਸਹੀ ਹੈ :

| | A | B | C | D |
|---|---|---|---|---|
| (1) | III | IV | II | I |
| (2) | IV | I | II | III |
| (3) | I | II | III | IV |
| (4) | IV | III | II | I |

(5) ਅਨਉੱਤਰਿਤ ਪ੍ਰਸ਼ਨ

91. ਉਦੇਸ਼ ਤੇ ਵਿਧੇਅ ਇੱਕਠੇ ਮੌਜੂਦ ਨਹੀਂ ਹੁੰਦੇ
(1) ਵਾਕ ਵਿੱਚ (2) ਵਾਕਾਂਸ਼ ਵਿੱਚ
(3) ਉਪ–ਵਾਕ ਵਿੱਚ (4) ਕਿਸੇ ਵਿੱਚ ਵੀ ਨਹੀਂ
(5) ਅਨਉੱਤਰਿਤ ਪ੍ਰਸ਼ਨ

92. "ਵੇਦ ਸਾਡੀ ਪੰਜਾਬੀ ਬੋਲੀ ਵਿਚ ਹੀ ਲਿਖੇ ਹਨ" ਉਪਰੋਕਤ ਸੁਪ੍ਰਸਿੱਧ ਕਥਨ ਹੈ :
(1) ਪ੍ਰਿੰ. ਤੇਜਾ ਸਿੰਘ
(2) ਡਾ. ਮੋਹਨ ਸਿੰਘ ਦੀਵਾਨਾ
(3) ਡਾ. ਪ੍ਰੇਮ ਪ੍ਰਕਾਸ਼ ਸਿੰਘ
(4) ਪ੍ਰੋ. ਅਤਰ ਸਿੰਘ
(5) ਅਨਉੱਤਰਿਤ ਪ੍ਰਸ਼ਨ

93. ਮਿਸ਼ਰਿਤ ਵਾਕ ਦਾ ਇਕ ਉਪਵਾਕ ਹੁੰਦਾ ਹੈ :
(1) ਅਧੀਨ (2) ਸੁਤੰਤਰ
(3) ਪਰਤੰਤਰ (4) ਜੁੜਵਾਂ
(5) ਅਨਉੱਤਰਿਤ ਪ੍ਰਸ਼ਨ

94. ਸ਼ਿਰੋਮਣੀ ਭਾਸ਼ਾ ਵਿਗਿਆਨੀ, ਜਿਸ ਨੇ ਪਹਿਲੀ ਵਾਰ ਪੁਆਧੀ ਦਾ ਭਾਸ਼ਾ ਵਿਗਿਆਨਿਕ ਅਧਿਅਨ ਆਪਣੇ ਪੀ.ਐਚ.ਡੀ. ਥੀਸਿਸ ਵਿਚ ਬੜੇ ਅਧਿਕਾਰ ਸਹਿਤ ਪੇਸ਼ ਕੀਤਾ :
(1) ਬਲਦੇਵ ਰਾਜ ਗੁਪਤਾ
(2) ਬਲਬੀਰ ਸਿੰਘ ਸੰਧੂ
(3) ਜਾਰਜ ਗ੍ਰਿਅਰਸਨ
(4) ਬਨਾਰਸੀ ਦਾਸ ਜੈਨ
(5) ਅਨਉੱਤਰਿਤ ਪ੍ਰਸ਼ਨ

95. ਸੰਚਾਲਕ ਕਿਰਿਆ ਦੀਆਂ ਉਪ–ਸ਼੍ਰੇਣੀਆਂ ਦਾ ਸਹੀ ਕ੍ਰਮ ਹੈ :
(1) ਮੁੱਢਲੀ ਸੰਚਾਲਕ ਕਿਰਿਆ, ਗਤੀਵਾਚਕ ਸੰਚਾਲਕ ਕਿਰਿਆ, ਕਰਮਵਾਚੀ ਸੰਚਾਲਕ ਕਿਰਿਆ, ਸੰਭਾਵਤ ਸੰਚਾਲਕ ਕਿਰਿਆ
(2) ਮੁੱਢਲੀ ਸੰਚਾਲਕ ਕਿਰਿਆ, ਗਤੀਵਾਚਕ ਸੰਚਾਲਕ ਕਿਰਿਆ, ਸੰਭਾਵਤ ਸੰਚਾਲਕ ਕਿਰਿਆ, ਕਰਮਵਾਚੀ ਸੰਚਾਲਕ ਕਿਰਿਆ
(3) ਮੁੱਢਲੀ ਸੰਚਾਲਕ ਕਿਰਿਆ, ਕਰਮਵਾਚੀ ਸੰਚਾਲਕ ਕਿਰਿਆ, ਗਤੀਵਾਚਕ ਸੰਚਾਲਕ ਕਿਰਿਆ, ਸੰਭਾਵਤ ਸੰਚਾਲਕ ਕਿਰਿਆ
(4) ਮੁੱਢਲੀ ਸੰਚਾਲਕ ਕਿਰਿਆ, ਸੰਭਾਵਤ ਸੰਚਾਲਕ ਕਿਰਿਆ, ਕਰਮਵਾਚੀ ਸੰਚਾਲਕ ਕਿਰਿਆ, ਗਤੀਵਾਚਕ ਸੰਚਾਲਕ ਕਿਰਿਆ
(5) ਅਨਉੱਤਰਿਤ ਪ੍ਰਸ਼ਨ

96. "ਮੈਥੋਂ ਪੜ੍ਹਿਆ ਨਹੀਂ ਜਾਂਦਾ" ਉਪਰੋਕਤ ਵਾਕ ਦਾ ਵਾਚ ਹੈ :

(1) ਕਰਤਰੀ ਵਾਚ (2) ਕਰਮ ਵਾਚ

(3) ਭਾਵ ਵਾਚ (4) ਵਾਚ ਰਹਿਤ

(5) ਅਨਉੱਤਰਿਤ ਪ੍ਰਸ਼ਨ

97. ਮੱਧਕਾਲੀ ਭਾਰਤੀ-ਆਰੀਆ ਭਾਸ਼ਾ ਪਰਿਵਾਰ ਦਾ ਸਮਾਂ ਕਦੋਂ ਤੱਕ ਦਾ ਮੰਨਿਆ ਜਾਂਦਾ ਹੈ ।

(1) 500 ਬੀ.ਸੀ. ਤੋਂ ਲੈ ਕੇ 900 ਈਸਵੀ ਤੱਕ

(2) 600 ਬੀ.ਸੀ. ਤੋਂ ਲੈ ਕੇ 1000 ਈਸਵੀ ਤੱਕ

(3) 500 ਬੀ.ਸੀ. ਤੋਂ ਲੈ ਕੇ 1000 ਈਸਵੀ ਤੱਕ

(4) 600 ਬੀ.ਸੀ. ਤੋਂ ਲੈ ਕੇ 900 ਈਸਵੀ ਤੱਕ

(5) ਅਨਉੱਤਰਿਤ ਪ੍ਰਸ਼ਨ

98. 'ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ : ਭਾਰਤੀ ਪੁਰਾ ਲੇਖਾਂ ਦੇ ਸੰਦਰਭ ਵਿਚ' ਪੁਸਤਕ ਦਾ ਕਰਤਾ ਹੈ :

(1) ਜੀ.ਬੀ.ਸਿੰਘ

(2) ਕਾਲਾ ਸਿੰਘ ਬੇਦੀ

(3) ਤਰਲੋਚਨ ਸਿੰਘ ਬੇਦੀ

(4) ਸੁਖਵਿੰਦਰ ਸਿੰਘ ਸੰਘਾ

(5) ਅਨਉੱਤਰਿਤ ਪ੍ਰਸ਼ਨ

99. ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਪੰਜਾਬੀ ਦੀ ਸ੍ਰੋਤ ਲਿਪੀ ਹੈ :

(1) ਦੇਵਾਸ਼ੇਸ਼ (2) ਸ਼ਾਰਦਾ

(3) ਭੱਟਛਰੀ (4) ਸਿੱਧ ਮਾਤ੍ਰਿਕਾ

(5) ਅਨਉੱਤਰਿਤ ਪ੍ਰਸ਼ਨ

100. ਗ੍ਰੀਅਰਸਨ ਅਨੁਸਾਰ ਪੰਜਾਬੀ ਭਾਸ਼ਾ ਦੀ ਬੁਨਿਆਦ ਕਿਸ ਅਪਭ੍ਰੰਸ਼ ਉੱਪਰ ਰੱਖੀ ਗਈ ?

(1) ਪੈਸ਼ਾਚੀ (2) ਟੱਕੀ

(3) ਪਾਲੀ (4) ਕੈਕਈ

(5) ਅਨਉੱਤਰਿਤ ਪ੍ਰਸ਼ਨ

101. ਪੰਜਾਬੀ ਭਾਸ਼ਾ ਦਾ ਜਨਮ ਸ੍ਰੋਤ ਅਨਗੌਲੀਆਂ ਲਘੂ ਪ੍ਰਾਕ੍ਰਿਤਾਂ ਨੂੰ ਮੰਨਣ ਵਾਲਾ ਭਾਸ਼ਾ ਵਿਗਿਆਨੀ ਹੈ :

(1) ਜੀ.ਐਸ.ਰਿਆਲ (2) ਹਰਦੇਵ ਬਾਹਰੀ

(3) ਹਰਕੀਰਤ ਸਿੰਘ (4) ਪ੍ਰੇਮ ਪ੍ਰਕਾਸ਼ ਸਿੰਘ

(5) ਅਨਉੱਤਰਿਤ ਪ੍ਰਸ਼ਨ

102. ਪਾਣਿਨੀ ਨੇ ਵੈਦਿਕ ਭਾਸ਼ਾ ਨੂੰ ਕਿਹਾ ਹੈ

(1) ਛਾਂਦਸ (2) ਲੌਕਿਕ ਸੰਸਕ੍ਰਿਤ

(3) ਮੱਧਵਰਤੀ ਭਾਸ਼ਾ (4) ਵੈਦਿਕ ਸੰਸਕ੍ਰਿਤ

(5) ਅਨਉੱਤਰਿਤ ਪ੍ਰਸ਼ਨ

103. 'ਕਾਲ ਸਮੇਂ ਦਾ ਭਾਸ਼ਾਈ ਰੂਪਾਂਤ੍ਰਣ ਹੈ ।' ਇਹ ਕਥਨ ਕਿਸ ਦਾ ਹੈ ।

(1) ਬੂਟਾ ਸਿੰਘ ਬਰਾੜ

(2) ਹਰਕੀਰਤ ਸਿੰਘ

(3) ਸੁਖਵਿੰਦਰ ਸਿੰਘ ਸੰਘਾ

(4) ਪ੍ਰੇਮ ਪ੍ਰਕਾਸ਼ ਸਿੰਘ

(5) ਅਨਉੱਤਰਿਤ ਪ੍ਰਸ਼ਨ

104. ਸਹੀ ਸ਼ਬਦ-ਜੋੜ ਜੁੱਟ ਚੁਣੋ :

(1) ਅਹੁਰ, ਜੌਹਲ, ਕਲਹਿਰੀ ।

(2) ਔਹਰ, ਜੌਹਲ, ਕਲੈਹਰੀ ।

(3) ਅਉਹਰ, ਜਉਹਲ, ਕਲੈਹਰੀ ।

(4) ਅਹੁਰ, ਜੋਹਲ, ਕਲੈਹਰੀ ।

(5) ਅਨਉੱਤਰਿਤ ਪ੍ਰਸ਼ਨ

105. ਕਿਸ ਭਾਸ਼ਾ ਵਿਗਿਆਨੀ ਦਾ ਕਾਰਕ-ਸਿਧਾਂਤ ਪਾਣਿਨੀ ਦੇ ਅਸ਼ਟਾਧਿਆਇ ਵਿੱਚ ਮੌਜੂਦ ਹੈ ?

(1) ਫ਼ਿਲਮੌਰ (2) ਸੀ.ਐੱਫ਼.ਹੌਕਿੱਟ

(3) ਫਰੈਂਕ ਪਾਮਰ (4) ਬਲੂਮਫੀਲਡ

(5) ਅਨਉੱਤਰਿਤ ਪ੍ਰਸ਼ਨ

106. 'ਉਹ ਦੇਸ ਵਾਸਤੇ ਜਾਨਾਂ ਵਾਰਦੇ ਹਨ' ਉਪਰੋਕਤ ਵਾਕ ਵਿਚ 'ਦੇਸ' ਦਾ ਕਾਰਕ ਹੈ :

(1) ਅਪਾਦਾਨ ਕਾਰਕ (2) ਕਰਮ ਕਾਰਕ

(3) ਸੰਪ੍ਰਦਾਨ ਕਾਰਕ (4) ਅਧਿਕਰਨ ਕਾਰਕ

(5) ਅਨਉੱਤਰਿਤ ਪ੍ਰਸ਼ਨ

107. ਪੰਜਾਬੀ ਭਾਸ਼ਾ ਵਿਚ ਪੜਨਾਵਾਂ ਦੀਆਂ ਕਿੰਨੀਆਂ ਸ਼੍ਰੇਣੀਆਂ ਹਨ ।

(1) ਚਾਰ (2) ਪੰਜ

(3) ਛੇ (4) ਅੱਠ

(5) ਅਨਉੱਤਰਿਤ ਪ੍ਰਸ਼ਨ

108. ਆਰਥੋਗ੍ਰਾਫੀ ਕਿਹਾ ਜਾਂਦਾ ਹੈ

(1) ਸ੍ਵਰ ਚਿੰਨ੍ਹਾਂ ਦੇ ਵਿਅਕਤ ਕਰਨ ਦੀ ਵਿਧੀ ਨੂੰ

(2) ਲਿਪੀ ਚਿੰਨ੍ਹਾਂ ਦੇ ਵਿਅਕਤ ਕਰਨ ਦੀ ਵਿਧੀ ਨੂੰ

(3) ਵਿਅੰਜਨ ਚਿੰਨ੍ਹਾਂ ਦੇ ਵਿਅਕਤ ਕਰਨ ਦੀ ਵਿਧੀ ਨੂੰ

(4) ਸੰਕੇਤ ਚਿੰਨ੍ਹਾਂ ਦੇ ਵਿਅਕਤ ਕਰਨ ਦੀ ਵਿਧੀ ਨੂੰ

(5) ਅਨਉੱਤਰਿਤ ਪ੍ਰਸ਼ਨ

109. **ਕਥਨ (A)** : ਗੁਰਮੁਖੀ ਲਿਪੀ ਪੰਜਾਬੀ ਲਿਖਣ ਲਈ ਸਭ ਤੋਂ ਵਧੇਰੇ ਯੋਗ ਤੇ ਮੁਕੰਮਲ ਲਿਪੀ ਹੈ । ਹੋਰ ਕੋਈ ਵੀ ਲਿਪੀ ਪੰਜਾਬੀ ਲਿਖਣ ਲਈ ਏਨੀ ਸਰਲ ਨਹੀਂ ਜਿੰਨੀ ਕਿ ਗੁਰਮੁਖੀ ।

**ਕਾਰਨ (R)** : ਸੋ ਗੁਰਮੁਖੀ ਇਕ ਸੰਪੂਰਨ ਲਿਪੀ ਹੈ ਅਤੇ ਇਸ ਵਿਚ ਅਜੋਕੇ ਯੁਗ ਦੀਆਂ ਲੋੜਾਂ ਅਨੁਸਾਰ ਕਿਸੇ ਸੁਧਾਰ ਦੀ ਗੁੰਜਾਇਸ਼ ਨਹੀਂ ।

(1) (A) ਸਹੀ ਅਤੇ (R) ਗ਼ਲਤ ਹੈ ।
(2) (A) ਆਂਸ਼ਿਕ ਸਹੀ ਹੈ (R) ਗ਼ਲਤ ਹੈ ।
(3) (A) ਅਤੇ (R) ਦੋਵੇਂ ਸਹੀ ਹਨ ।
(4) (A) ਅਤੇ (R) ਆਂਸ਼ਿਕ ਸਹੀ ਹਨ ।
(5) ਅਨਉੱਤਰਿਤ ਪ੍ਰਸ਼ਨ

110. A Reference Grammar of Punjabi ਦਾ ਕਰਤਾ ਕੌਣ ਹੈ ।

(1) ਆਰ.ਏ. ਹਡਸਨ (R.A. Hudson)
(2) ਡੇਵਿਡ ਕ੍ਰਿਸਟਲ (David Crystal)
(3) ਹਰਜੀਤ ਸਿੰਘ ਗਿੱਲ (Harjeet Singh Gill)
(4) ਹੈਨਰੀ ਗਲੀਅਸਨ (Henry Gleason)
(5) ਅਨਉੱਤਰਿਤ ਪ੍ਰਸ਼ਨ

111. 'ਨਿਪਾਤ' ਦਾ ਅਰਥ ਹੈ ?

(1) ਆਪ ਮੁਹਾਰੇ ਪ੍ਰਗਟ ਹੋਣ ਵਾਲਾ
(2) ਕਿਰਿਆ ਨਾਲ ਪ੍ਰਗਟ ਹੋਣ ਵਾਲਾ
(3) ਵਿਸ਼ੇਸ਼ਣ ਨਾਲ ਪ੍ਰਗਟ ਹੋਣ ਵਾਲਾ
(4) ਕਿਰਿਆ-ਵਿਸ਼ੇਸ਼ਣ ਨਾਲ ਪ੍ਰਗਟ ਹੋਣ ਵਾਲਾ
(5) ਅਨਉੱਤਰਿਤ ਪ੍ਰਸ਼ਨ

112. 'ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ' ਪੁਸਤਕ ਦਾ ਰਚੇਤਾ ਕੌਣ ਹੈ ?

(1) ਪ੍ਰੇਮ ਪ੍ਰਕਾਸ਼ ਸਿੰਘ
(2) ਜੀ.ਬੀ. ਸਿੰਘ
(3) ਜੋਗਿੰਦਰ ਸਿੰਘ ਪੁਆਰ
(4) ਵੇਦ ਅਗਨੀਹੋਤਰੀ
(5) ਅਨਉੱਤਰਿਤ ਪ੍ਰਸ਼ਨ

113. ਖੰਡ ਸਿਧਾਂਤ ਵਿੱਚ ਸ਼ਬਦ ਨੂੰ ਕਿਹੜੀ ਇਕਾਈ ਵਜੋਂ ਸਵੀਕਾਰ ਕੀਤਾ ਜਾਂਦਾ ਹੈ ?

(1) ਅਰਥ ਦੀ ਬੁਨਿਆਦੀ ਇਕਾਈ ਵਜੋਂ
(2) ਵਾਕ ਦੀ ਬੁਨਿਆਦੀ ਇਕਾਈ ਵਜੋਂ
(3) ਪਾਠ ਦੀ ਬੁਨਿਆਦੀ ਇਕਾਈ ਵਜੋਂ
(4) ਉਪ-ਵਾਕ ਦੀ ਬੁਨਿਆਦੀ ਇਕਾਈ ਵਜੋਂ
(5) ਅਨਉੱਤਰਿਤ ਪ੍ਰਸ਼ਨ

114. ਗੁਰਮੁਖੀ ਲਿਪੀ ਦੇ ਲਿਪਾਂਕ ਲਿਖੇ ਜਾਂਦੇ ਹਨ ?

(1) ਲਕੀਰ ਤੋਂ ਉੱਪਰ
(2) ਲਕੀਰਾਂ ਦੇ ਦਰਮਿਆਨ
(3) ਲਕੀਰ ਦੇ ਆਰੰਭ 'ਤੇ
(4) ਲਕੀਰ ਤੋਂ ਹੇਠਾਂ
(5) ਅਨਉੱਤਰਿਤ ਪ੍ਰਸ਼ਨ

115. 'ਵਾਕ ਇੱਕ ਸੁਤੰਤਰ ਭਾਸ਼ਕ ਰੂਪ ਹੈ ਜੋ ਕਿਸੇ ਵੀ ਹੋਰ ਵੱਡੇ ਭਾਸ਼ਾਈ ਰੂਪ ਦਾ ਅੰਗ ਨਹੀਂ ਹੁੰਦਾ ।' ਇਹ ਕਥਨ ਕਿਸ ਦਾ ਹੈ ?

(1) ਜੌਨ ਲਾਇਨਜ਼ (2) ਸੌਸਿਊਰ
(3) ਬਲੂਮਫੀਲਡ (4) ਆਰ.ਐੱਸ.ਵੈਲਜ਼
(5) ਅਨਉੱਤਰਿਤ ਪ੍ਰਸ਼ਨ

116. 'ਭਾਸ਼ਾ ਵਿਗਿਆਨ : ਸੰਕਲਪ ਤੇ ਦਿਸ਼ਾਵਾਂ' ਪੁਸਤਕ ਦਾ ਸੰਪਾਦਕ ਕੌਣ ਹੈ ?

(1) ਬੂਟਾ ਸਿੰਘ ਬਰਾੜ
(2) ਪਰਮਜੀਤ ਸਿੰਘ ਸਿੱਧੂ
(3) ਪਰਮਜੀਤ ਸਿੰਘ ਢੀਂਗਰਾ
(4) ਜੋਗਿੰਦਰ ਸਿੰਘ ਪੁਆਰ
(5) ਅਨਉੱਤਰਿਤ ਪ੍ਰਸ਼ਨ

117. **ਕਥਨ (A)** : ਵਚਨ ਇਕ ਵਿਆਕਰਨਕ ਇਕਾਈ ਹੈ ਜੋ ਗੈਰ-ਭਾਸ਼ਾਈ ਇਕਾਈਆਂ ਦੀ ਗਿਣਤੀ ਦਾ ਭਾਸ਼ਾਈ ਪੱਧਰ 'ਤੇ ਪਰਕਾਰਜੀ ਰੂਪਾਂਤ੍ਰਣ ਹੈ । ਵਚਨ ਗਿਣਤੀ 'ਤੇ ਆਧਾਰਿਤ ਭਾਸ਼ਾਈ ਇਕਾਈ ਹੋਣ ਦੇ ਬਾਵਜੂਦ ਵੀ ਗਿਣਤੀ ਨਾਲੋਂ ਵੱਖਰੀ ਹੁੰਦੀ ਹੈ ।

**ਕਾਰਨ (R)** : ਗਿਣਤੀ ਇਕ ਗੈਰ-ਭਾਸ਼ਾਈ ਸੰਕਲਪ ਹੈ ਜਦੋਂ ਕਿ ਵਚਨ ਨਿਰੋਲ ਭਾਸ਼ਾਈ ਸੰਕਲਪ ਹੈ । ਜੇਕਰ ਗਿਣਤੀ ਅਤੇ ਵਚਨ ਦੇ ਸੰਕਲਪ ਵਿਚ ਕੋਈ ਸਿੱਧਾ ਰਿਸ਼ਤਾ ਹੁੰਦਾ ਤਾਂ ਸਮੁੱਚੀਆਂ ਭਾਸ਼ਾਵਾਂ ਵਿਚ ਵਚਨ ਪ੍ਰਬੰਧ ਇੱਕੋ ਜਿਹਾ ਹੋਣਾ ਸੀ ।

(1) (A) ਅਤੇ (R) ਦੋਵੇਂ ਸਹੀ ਹਨ ।
(2) (A) ਆਂਸ਼ਿਕ ਸਹੀ ਹੈ (R) ਗ਼ਲਤ ਹੈ ।
(3) (A) ਗ਼ਲਤ ਹੈ (R) ਸਹੀ ਹੈ ।
(4) (A) ਅਤੇ (R) ਆਂਸ਼ਿਕ ਸਹੀ ਹਨ ।
(5) ਅਨਉੱਤਰਿਤ ਪ੍ਰਸ਼ਨ

118. ਘ, ਝ, ਢ, ਧ, ਭ, ਹ ਗੁਰਮੁਖੀ ਲਿਪੀ ਦੇ ਕਿਹੜੇ ਲਿਪਾਂਕ ਹਨ ?

(1) ਮੱਧਮ ਲਿਪਾਂਕ (2) ਗੂੜ੍ਹ ਲਿਪਾਂਕ
(3) ਗੋਲ ਲਿਪਾਂਕ (4) ਅਰਧ ਲਿਪਾਂਕ
(5) ਅਨਉੱਤਰਿਤ ਪ੍ਰਸ਼ਨ

119. ਪੁਰਾਤਨ ਸਾਹਿਤ ਆਚਾਰੀਆ ਕਾਵਿ ਨੂੰ ਸਥੂਲ ਇੰਦਰੀਆਂ ਦੇ ਅਧਾਰ 'ਤੇ ਦੋ ਭਾਗਾਂ ਵਿਚ ਵੰਡਦੇ ਹਨ :
(1) ਦ੍ਰਿਸ਼ ਕਾਵਿ, ਮਹਾਂ ਕਾਵਿ
(2) ਦ੍ਰਿਸ਼ ਕਾਵਿ, ਸ੍ਰਵਯ ਕਾਵਿ
(3) ਸ੍ਰਵਯ ਕਾਵਿ, ਮੁਕਤਕ ਕਾਵਿ
(4) ਰੂਪਕ ਕਾਵਿ, ਦ੍ਰਿਸ਼ ਕਾਵਿ
(5) ਅਨਉੱਤਰਿਤ ਪ੍ਰਸ਼ਨ

120. "ਸਾਹਿਤ ਮਨੁੱਖੀ ਸ਼ਖਸੀਅਤ ਦੀ ਪੇਸ਼ਕਾਰੀ ਦਾ ਨਾਂ ਹੈ ਅਤੇ ਆਲੋਚਨਾ ਉਸਦੀ ਵਿਆਖਿਆ ਦਾ ।" ਇਹ ਕਥਨ ਕਿਸ ਚਿੰਤਕ ਦਾ ਹੈ ।
(1) ਕਿਸ਼ਨ ਸਿੰਘ
(2) ਸੰਤ ਸਿੰਘ ਸੇਖੋਂ
(3) ਨਜ਼ਮ ਹੁਸੈਨ ਸੱਯਦ
(4) ਹਰਿਭਜਨ ਸਿੰਘ
(5) ਅਨਉੱਤਰਿਤ ਪ੍ਰਸ਼ਨ

121. **ਕਥਨ (A)** : ਆਧੁਨਿਕਤਾ ਦਾ ਅਰਥ ਮਨੁੱਖ ਦੀ ਸਮਾਜਿਕ ਸਥਿਤੀ ਵਿਚ ਉਤਪੰਨ ਹੋਈ ਉਸ ਤਬਦੀਲੀ ਦਾ ਨਾਂ ਹੈ, ਜਿਸ ਨੇ ਮਨੁੱਖ ਦੇ ਚਿੰਤਨ ਤੇ ਸੋਚਣ ਦੇ ਢੰਗ ਵਿਚ ਮੱਧਕਾਲੀਨ ਨਾਲੋਂ ਇਕ ਵਿਲੱਖਣ ਭਾਂਤ ਦੀ ਸੇਧ ਪੈਦਾ ਕੀਤੀ ।
**ਕਾਰਨ (R)** : ਕਿਉਂਕਿ ਉਂਜ ਆਧੁਨਿਕਤਾ ਦਾ ਆਪਣੇ ਆਪ ਵਿਚ ਕੋਈ ਵਿਸ਼ੇਸ਼ ਅਰਥ ਨਹੀਂ ।
(1) ਦੋਵੇਂ (A) ਅਤੇ (R) ਸਹੀ ਹਨ ਪਰ (R), (A) ਦੀ ਸਹੀ ਵਿਆਖਿਆ ਨਹੀਂ ਕਰਦਾ ।
(2) ਦੋਵੇਂ (A) ਅਤੇ (R) ਸਹੀ ਹਨ ਪਰ (A), (R) ਦੀ ਸਹੀ ਵਿਆਖਿਆ ਕਰਦਾ ਹੈ ।
(3) (A) ਸਹੀ ਹੈ ਪਰ (R) ਗ਼ਲਤ ਹੈ ।
(4) (R) ਗ਼ਲਤ ਹੈ ਪਰ (A) ਸਹੀ ਹੈ ।
(5) ਅਨਉੱਤਰਿਤ ਪ੍ਰਸ਼ਨ

122. ਕਿਹੜਾ ਪੱਛਮੀ ਕਵੀ ਤੇ ਆਲੋਚਕ ਕਵਿਤਾ ਨੂੰ 'ਆਤਮ ਦਾ ਪ੍ਰਗਟਾਵਾ' ਨਹੀਂ 'ਆਤਮ ਤੋਂ ਪਲਾਇਣ' ਮੰਨਦਾ ਹੈ ?
(1) ਵਿਲੀਅਮ ਵਰਡਜ਼ਵਰਥ
(2) ਪੀ.ਬੀ. ਸ਼ੈਲੇ
(3) ਜੌਹਨ ਮਿਲਟਨ
(4) ਟੀ.ਐੱਸ.ਇਲੀਅਟ
(5) ਅਨਉੱਤਰਿਤ ਪ੍ਰਸ਼ਨ

123. 'ਸ੍ਵਛੰਦਤਾਵਾਦ' ਦਾ ਪੰਜਾਬੀ ਰੂਪ ਹੈ :
(1) ਰਹੱਸਵਾਦ (2) ਕਲਾਸਿਕਵਾਦ
(3) ਰੁਮਾਂਸਵਾਦ (4) ਆਦਰਸ਼ਵਾਦ
(5) ਅਨਉੱਤਰਿਤ ਪ੍ਰਸ਼ਨ

124. (A) ਵਾਰਤਕ ਤੇ ਕਵਿਤਾ ਦਾ ਮੁੱਖ ਅੰਤਰ ਸ਼ੈਲੀਗਤ ਹੈ । ਵਾਰਤਕ ਉਕਤੀ ਕਲਾ ਹੈ ਜਦਕਿ ਕਵਿਤਾ ਵਿਅੰਜਨਾਤਮਕ ਕਲਾ ਹੈ ।
ਕਿਉਂ ਕਿ
(B) "ਵਾਰਤਕ ਵਧੇਰੇ ਬੌਧਿਕ ਹੈ ਅਤੇ ਕਵਿਤਾ ਵੀ ਬੌਧਿਕ ਸਾਹਿਤ ਰੂਪ ਹੈ"
(1) (A) ਪੂਰਨ ਸਹੀ ਹੈ (B) ਪੂਰਨ ਗਲਤ ਹੈ ।
(2) (A) ਅਤੇ (B) ਦੋਵੇਂ ਪੂਰਨ ਸਹੀ ਨਹੀਂ ਹਨ ।
(3) (A) ਪੂਰਨ ਸਹੀ ਹੈ (B) ਆਂਸ਼ਿਕ ਸਹੀ ਹੈ ।
(4) (A) ਅਤੇ (B) ਦੋਵੇਂ ਆਂਸ਼ਿਕ ਗਲਤ ਹਨ ।
(5) ਅਨਉੱਤਰਿਤ ਪ੍ਰਸ਼ਨ

125. ਡਾ. ਰਤਨ ਸਿੰਘ ਜੱਗੀ ਅਨੁਸਾਰ ਜੰਗਨਾਮੇ ਦੇ ਤੱਤ ਹਨ :
(1) ਇਤਿਹਾਸਕਤਾ, ਵਸਤੂ, ਰਸ, ਗੌਂਦ
(2) ਇਤਿਹਾਸਕਤਾ, ਰਸ, ਗੌਂਦ, ਵਾਰਤਾਲਾਪ
(3) ਇਤਿਹਾਸਕਤਾ, ਰਸ, ਸਾਹਿਤਕਤਾ, ਵਸਤ-ਵਿਧਾਨ
(4) ਇਤਿਹਾਸਕਤਾ, ਚਰਿਤ੍ਰ-ਚਿਤ੍ਰਣ, ਰਸ, ਸਾਹਿਤਕਤਾ
(5) ਅਨਉੱਤਰਿਤ ਪ੍ਰਸ਼ਨ

126. ਹੇਠ ਲਿਖੇ ਵਾਦਾਂ ਦਾ ਸਹੀ ਕਾਲਕ੍ਰਮ ਹੈ ।
(a) ਯਥਾਰਥਵਾਦ
(b) ਸੰਰਚਨਾਵਾਦ
(c) ਸਨਾਤਨਵਾਦ
(d) ਰੋਮਾਂਸਵਾਦ
ਹੇਠ ਲਿਖਿਆਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ ।
(1) (c), (a), (b), (d)
(2) (a), (b), (c), (d)
(3) (c), (d), (a), (b)
(4) (d), (c), (b), (a)
(5) ਅਨਉੱਤਰਿਤ ਪ੍ਰਸ਼ਨ

127. ਜਨਮ ਸਾਖੀ ਦਾ ਬਦਲਵਾਂ ਰੂਪ ਹੈ :
(1) ਪੋਥੀਆਂ (2) ਟੀਕੇ
(3) ਪਰਚੀਆਂ (4) ਪਰਮਾਰਥ
(5) ਅਨਉੱਤਰਿਤ ਪ੍ਰਸ਼ਨ

128. ਕਿਹੜੇ ਰੂਪਾਕਾਰ ਨੂੰ ਤਰਾਨਾ ਵੀ ਕਿਹਾ ਜਾਂਦਾ ਹੈ :
(1) ਬੈਂਤ (2) ਨਜ਼ਮ
(3) ਗ਼ਜ਼ਲ (4) ਰੁਬਾਈ
(5) ਅਨਉੱਤਰਿਤ ਪ੍ਰਸ਼ਨ

129. ਕਾਨ੍ਹ ਸਿੰਘ ਨਾਭਾ ਅਨੁਸਾਰ 'ਕਾਫ਼ੀ' ਦਾ ਅਰਥ ਹੈ :
(1) ਪਿੱਛੇ ਚੱਲਣ ਵਾਲਾ
(2) ਅੱਗੇ ਚੱਲਣ ਵਾਲਾ
(3) ਵਿਚਕਾਰ ਚੱਲਣ ਵਾਲਾ
(4) ਰੁਕਿਆ ਹੋਇਆ
(5) ਅਨਉੱਤਰਿਤ ਪ੍ਰਸ਼ਨ

130. ਮਲਵਈ ਉਪਭਾਸ਼ਾ ਵਿੱਚ ਕਿੱਸੇ ਨੂੰ ਕੀ ਕਿਹਾ ਜਾਂਦਾ ਹੈ ?
(1) ਆਖਿਆਨ (2) ਚਿੱਠਾ
(3) ਬਾਤ (4) ਕਥਾ
(5) ਅਨਉੱਤਰਿਤ ਪ੍ਰਸ਼ਨ

131. ਕਿਹੜਾ ਕਾਵਿ ਰੂਪ ਮੌਲਿਕ ਪੰਜਾਬੀ ਕਾਵਿ ਰੂਪ ਹੈ :
(1) ਬਾਰਾਮਾਹ (2) ਵਾਰ
(3) ਜੰਗਨਾਮਾ (4) ਕਾਫ਼ੀ
(5) ਅਨਉੱਤਰਿਤ ਪ੍ਰਸ਼ਨ

132. ਭਰਤਮੁਨੀ ਅਨੁਸਾਰ ਨਾਟਕ ਦੀ ਉਸਾਰੀ ਲਈ ਤਿੰਨ ਆਧਾਰ ਹਨ :
(1) ਪਾਤਾਕਾ, ਪ੍ਰਕਰੀ ਤੇ ਕਾਰਜ
(2) ਅਰਥ ਪ੍ਰਕ੍ਰਿਤੀਆਂ, ਕਾਰਜ ਅਵਸਥਾਵਾਂ ਤੇ ਸੰਧੀਆਂ
(3) ਪ੍ਰਾਪਤਿਆਸ, ਨਿਆਤਾਪਤੀ ਤੇ ਫਲ
(4) ਮੁਖ, ਪ੍ਰਤਿਮੁੱਖ ਤੇ ਨਿਰਵਹਣ
(5) ਅਨਉੱਤਰਿਤ ਪ੍ਰਸ਼ਨ

133. 'ਗ਼ਜ਼ਲ:ਅਰੂਜ਼ ਤੇ ਪਿੰਗਲ' ਪੁਸਤਕ ਦਾ ਕਰਤਾ ਹੈ
(1) ਸਾਧੂ ਸਿੰਘ ਹਮਦਰਦ
(2) ਡਾ. ਐੱਸ. ਤਰਸੇਮ
(3) ਪ੍ਰਿੰ. ਤਖਤ ਸਿੰਘ
(4) ਡਾ. ਨਰੇਸ਼
(5) ਅਨਉੱਤਰਿਤ ਪ੍ਰਸ਼ਨ

134. ਮੀਮਾਂਸਾ ਦਰਸ਼ਨ ਨਾਲ ਸੰਬੰਧਿਤ ਸ਼ਬਦ ਸ਼ਕਤੀ ਕਿਹੜੀ ਹੈ ?
(1) ਵਿਅੰਜਨ ਸ਼ਕਤੀ (2) ਲਕਸ਼ਣਾ ਸ਼ਕਤੀ
(3) ਤਾਤਪਰਯ ਸ਼ਕਤੀ (4) ਅਭਿਧਾ ਸ਼ਕਤੀ
(5) ਅਨਉੱਤਰਿਤ ਪ੍ਰਸ਼ਨ

135. ਅਭਿਨਵ ਗੁਪਤ ਨੇ 'ਧ੍ਵਨਯਾਲੋਕ' ਸਿਧਾਂਤ ਨੂੰ ਵਿਵਸਥਿਤ ਅਤੇ ਪ੍ਰਮਾਣਿਕ ਰੂਪ ਪ੍ਰਦਾਨ ਕਰਨ ਲਈ ਕਿਹੜਾ ਟੀਕਾ ਰਚਿਆ ?
(1) ਲੋਚਨ (2) ਵਿਸ਼ਜ
(3) ਆਸ਼ਾਜ (4) ਵਿਵੇਕ
(5) ਅਨਉੱਤਰਿਤ ਪ੍ਰਸ਼ਨ

136. ਭਰਤਮੁਨੀ ਦੁਆਰਾ ਵਰਣਿਤ ਕੀਤੀਆਂ ਗਈਆਂ ਰੀਤੀਆਂ ਦਾ ਉਨ੍ਹਾ ਦੇ ਸਹੀ ਭੂਗੋਲਿਕ ਖਿੱਤਿਆਂ ਨਾਲ ਮਿਲਾਨ ਕਰੋ ।

| | | | |
|---|---|---|---|
| i. | ਆਵੰਤੀ | A. | ਮੱਧ ਦੇਸ ਦੀ । |
| ii. | ਦਾਕਸ਼ਾਣਤਯਾ | B. | ਉੜੀਸਾ ਅਤੇ ਪੂਰਬੀ ਭਾਰਤ ਦੀ । |
| iii. | ਪਾਚਾਲ਼ੀ | C. | ਦੱਖਣੀ ਇਲਾਕੇ ਦੀ । |
| iv. | ਉਡਾ-ਮਾਗਧੀ | D. | ਭਾਰਤ ਦੇ ਪੱਛਮੀ ਹਿੱਸੇ ਨਾਲ । |

| | i | ii | iii | iv |
|---|---|---|---|---|
| (1) | A | B | C | D |
| (2) | D | C | A | B |
| (3) | D | B | C | A |
| (4) | B | C | A | D |

(5) ਅਨਉੱਤਰਿਤ ਪ੍ਰਸ਼ਨ

137. ਇਨ੍ਹਾਂ ਕਾਵਿ ਪੰਗਤੀਆਂ ਵਿਚ ਕਿਹੜੀ ਵਕ੍ਰੋਕਤੀ ਦਾ ਪ੍ਰਯੋਗ ਹੋਇਆ ਹੈ ।
"ਖਗ ਖੰਡ ਬਿਹੰਡੰ ਖਲਦਲ ਖੰਡੰ
ਅਤਿ ਰਣ ਮੰਡੰ ਬਰ ਭੰਡੰ
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ
ਜੋਤਿ ਅਮੰਡੰ ਭਾਨ ਪ੍ਰਭੰ ।"
(1) ਸ਼ਬਦ ਵਕ੍ਰੋਕਤੀ । (2) ਵਰਣ ਵਕ੍ਰੋਕਤੀ ।
(3) ਵਾਕ ਵਕ੍ਰੋਕਤੀ । (4) ਪ੍ਰਕਰਣ ਵਕ੍ਰੋਕਤੀ ।
(5) ਅਨਉੱਤਰਿਤ ਪ੍ਰਸ਼ਨ

138. ਸ਼ਬਦ ਅਰਥ ਦੇ ਸੰਬੰਧਾਂ ਨੂੰ ਭਾਰਤੀ ਅਚਾਰੀਆਂ ਨੇ ਕਿੰਨੀਆਂ ਪਰਤਾਂ 'ਚ ਵੇਖਿਆ ਹੈ ?
(1) 3 (2) 2
(3) 5 (4) 6
(5) ਅਨਉੱਤਰਿਤ ਪ੍ਰਸ਼ਨ

139. ਸਾਧਾਰਨੀਕਥਨ ਦਾ ਮੋਢੀ ਹੈ :
(1) ਭਾਮਹ (2) ਰੁਦ੍ਰਟ
(3) ਭਰਤਮੁਨੀ (4) ਭਟ ਨਾਯਕ
(5) ਅਨਉੱਤਰਿਤ ਪ੍ਰਸ਼ਨ

140. ਕਿਸ ਭਾਰਤੀ ਅਚਾਰੀਆ ਮੁਤਾਬਿਕ ਸਾਧਾਰਨੀਕਰਨ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਦਾ ਨਹੀਂ, ਬਲਕਿ ਸਥਾਈ ਭਾਵ ਦਾ ਹੁੰਦਾ ਹੈ ।
(1) ਨਗੇਂਦ੍ਰ (2) ਵਾਮਨ
(3) ਦੰਡੀ (4) ਕੁੰਤਕ
(5) ਅਨਉੱਤਰਿਤ ਪ੍ਰਸ਼ਨ

141. ਸਾਹਿਤ ਦੇ ਖੇਤਰ ਵਿਚ ਸੰਰਚਨਾਵਾਦੀ ਪ੍ਰਣਾਲੀ ਨੂੰ ਲਾਗੂ ਕਰਨ ਵਾਲਾ ਵਿਦਵਾਨ ਹੈ :
(1) ਰੋਲਾਂ ਬਾਰਤ
(2) ਰੋਮਨ ਜੈਕਬਸਨ
(3) ਲੂਸੀਅਨ ਗੋਲਡਮਾਨ
(4) ਵਲਾਦੀਮੀਰ ਪਰਾਪ
(5) ਅਨਉੱਤਰਿਤ ਪ੍ਰਸ਼ਨ

142. 'ਸਾਮਰਾਜਵਾਦ ਨੂੰ ਪੂੰਜੀਵਾਦ ਦੀ ਉਚਤਮ ਅਵਸਥਾ' ਦਾ ਨਾਂ ਕਿਸਨੇ ਦਿੱਤਾ ।
(1) ਮਾਰਕਸ (2) ਸਟਾਲਿਨ
(3) ਪਲੈਖਾਨੋਵ (4) ਲੈਨਿਨ
(5) ਅਨਉੱਤਰਿਤ ਪ੍ਰਸ਼ਨ

143. "ਸਾਹਿਤਕ ਕ੍ਰਿਤ ਨੂੰ ਏਕਤਾ ਉਸ ਦੇ ਥੀਮ ਤੋਂ ਮਿਲਦੀ ਹੈ, ਜੋ ਉਸ ਦੇ ਅੰਦਰਵਾਰ ਆਦਿ ਤੋਂ ਅੰਤ ਤਕ ਸਮਾਇਆ ਹੁੰਦਾ ਹੈ ।" ਉਪਰੋਕਤ ਕਥਨ ਹੈ :
(1) ਆਈਖ਼ਨਬਾਮ (2) ਸ਼ਕਲੋਵਸਕੀ
(3) ਤੋਮਾਸ਼ੇਵਸਕੀ (4) ਯਾਕੋਬੋਸਨ
(5) ਅਨਉੱਤਰਿਤ ਪ੍ਰਸ਼ਨ

144. ਇਹ ਕਥਨ ਕਿਸ ਵਿਦਵਾਨ ਦਾ ਹੈ :
"ਜਿਹੜਾ ਅਲੰਕਾਰ ਤੋਂ ਰਹਿਤ ਕਾਵਿ ਨੂੰ ਕਾਵਿ ਮੰਨ ਲੈਂਦਾ ਹੈ ਉਹ ਅਗਨੀ ਨੂੰ ਸੇਕ ਤੋਂ ਹੀਣ ਕਿਉਂ ਨਹੀਂ ਮੰਨ ਲੈਂਦਾ ?"
(1) ਭਾਸਹ । (2) ਅਗਨੀ ਪੁਰਾਣ ।
(3) ਜਲਦੇਵ । (4) ਵਿਸ਼ਵਨਾਥ ।
(5) ਅਨਉੱਤਰਿਤ ਪ੍ਰਸ਼ਨ



145. ਰੋਮਨ ਜੈਕਬਸਨ ਤੇ ਵਿਕਟਰ ਸ਼ਕਲੋਵਸਕੀ ਚਿੰਤਕਾਂ ਦਾ ਸੰਬੰਧ ਕਿਸ ਵਾਦ ਨਾਲ ਹੈ
(1) ਰੋਮਾਂਸਵਾਦ । (2) ਮਾਰਕਸਵਾਦ ।
(3) ਰੂਸੀ ਰੂਪ ਵਾਦ । (4) ਅਭਿਵਿਅੰਜਨਾਵਾਦ ।
(5) ਅਨਉੱਤਰਿਤ ਪ੍ਰਸ਼ਨ

146. ਜੋਨਾਥਨ ਕੂਲਰ ਆਪਣੇ ਸੰਰਚਨਾਵਾਦੀ ਪੜ੍ਹਤ-ਸਿਧਾਂਤ ਨੂੰ ਕਿਸ ਦੇ ਯੋਗਤਾ ਸਿਧਾਂਤ ਦੀ ਬੁਨਿਆਦ ਤੇ ਉਸਾਰਦਾ ਹੈ ?
(1) ਨੋਮ ਚੌਮਸਕੀ (2) ਸਾਸਿਊਰ
(3) ਦੈਰਿਦਾ (4) ਫੂਕੋ
(5) ਅਨਉੱਤਰਿਤ ਪ੍ਰਸ਼ਨ

147. ਅਰਸਤੂ ਨੇ ਤ੍ਰਾਸਦੀ ਦੇ ਕੁੱਲ ਕਿੰਨੇ ਅੰਗ ਮੰਨੇ ਹਨ ।
(1) 5 (2) 4
(3) 6 (4) 8
(5) ਅਨਉੱਤਰਿਤ ਪ੍ਰਸ਼ਨ

148. 1960 ਵਿਚ 'National Organisation for Women' ਦੀ ਸਥਾਪਨਾ ਕਿਸ ਨੇ ਕੀਤੀ ?
(1) ਕੇਟ ਮਿਲਰ
(2) ਜੂਲੀਆ ਕ੍ਰਿਸਤੀਵਾ
(3) ਬੈਟੀ ਫਰੀਡਨ
(4) ਆਸਟਰ ਲੀਅਨ
(5) ਅਨਉੱਤਰਿਤ ਪ੍ਰਸ਼ਨ

149. ਲੌਂਜਾਈਨਸ ਰਚਿਤ 'ਆਨ ਦਾ ਸਬਲਾਈਮ' ਨੂੰ ਪਹਿਲੀ ਵਾਰ ਕਿਸਨੇ ਤੇ ਕਦੋਂ ਪ੍ਰਕਾਸ਼ਿਤ ਕੀਤਾ ?
(1) ਐਟਕਿਨਜ਼, 1554
(2) ਰਾਬਰਟੈਲੋ, 1554
(3) ਡਾਇਨੀਸਿਅਸ, 1564
(4) ਕੈਸ਼ਿਸਿਅਸ, 1566
(5) ਅਨਉੱਤਰਿਤ ਪ੍ਰਸ਼ਨ

150. ਹੇਠ ਲਿਖਿਆਂ ਵਿਚੋਂ ਕਿਹੜਾ ਜੁੱਟ ਸਹੀ ਹੈ ।
(1) ਰੈਨੇ ਵੈਲਿਕ ਅਤੇ ਆਸਟਨ ਵਾਰੇਨ – Theory of Literature
(2) ਟੈਰੀ ਈਗਲਟਨ – Punjabi Literature in Perspective
(3) ਜੌਹਨ ਫਰੋਅ – Marxism and Literary Criticism
(4) ਗਾਇਤਰੀ ਸਪੀਵਾਕ – Formalism and Marxism
(5) ਅਨਉੱਤਰਿਤ ਪ੍ਰਸ਼ਨ

## रफ कार्य के लिए स्थान / SPACE FOR ROUGH WORK